ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004 www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com



ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup Services
MOHINDER S. SOHAL
Cell: 206-841-1431
Buss:253-520-8886
Email:mssohal@yahoo.com



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 33, Issue No. 38, Ending Date:Sep 18, 2026



LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Loan Officer | NMLS 1900093
Cell: 253-223-3717


## ਭਾਰਤ-ਅਧਾਰਤ ਕੰਪਨੀਆਂ ਅਮਰੀਕਾ ਵਿੱਚ ਕਰ ਰਹੀਆਂ ਹਨ ਡੈਟਾ ਚੋਰੀ:ਅਮਰੀਕੀ ਸੈਨੇਟਰ

ਵਾਸ਼ਿੰਗਟਨ;-ਅਮਰੀਕੀ ਸੈਨੇਟਰਾਂ ਦੇ ਸਮੂਹ ਨੇ ਟਰੰਪ ਪ੍ਰਸ਼ਾਸਨ ਨੂੰ ਪੱਤਰ ਲਿਖ ਕੇ ਤਿੰਨ ਭਾਰਤ-ਅਧਾਰਤ ਕੰਪਨੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ ਜਿਨ੍ਹਾਂ ਨੇ ਕਥਿਤ ਤੌਰ 'ਤੇ ਹਜ਼ਾਰਾਂ ਅਮਰੀਕੀਆਂ ਅਤੇ ਅਮਰੀਕੀ ਕੰਪਨੀਆਂ ਦਾ ਡੇਟਾ ਹੈਕ ਕੀਤਾ ਅਤੇ ਚੋਰੀ ਕੀਤਾ। ਡੈਮੋਕ੍ਰੇਟਿਕ ਸੈਨੇਟਰਾਂ ਰੌਨ ਵਾਈਡਨ ਅਤੇ ਸ਼ੈਲਡਨ ਵ੍ਹਾਈਟਹਾਊਸ, ਅਤੇ ਰਿਪਬਲਿਕਨ ਪੈਟ ਹੈਰੀਗਨ ਨੇ ਵਣਜ ਸਕੱਤਰ ਹਾਵਰਡ ਲੂਟਨਿਕ ਨੂੰ ਸਨਕਿਸਡ ਆਰਗੈਨਿਕ ਪ੍ਰਾਈਵੇਟ ਲਿਮਟਿਡ, ਬੈੱਲਟ੍ਰੋਕਸ ਲਿਮਟਿਡ, ਅਤੇ ਸਾਈਬਰਰੂਟ ਲਿਮਟਿਡ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ, ਇਹ ਦਲੀਲ ਦਿੰਦੇ ਹੋਏ ਕਿ ਉਨ੍ਹਾਂ ਨੇ ਹਜ਼ਾਰਾਂ ਅਮਰੀਕੀਆਂ ਅਤੇ ਅਮਰੀਕੀ ਕੰਪਨੀਆਂ ਦਾ ਡੇਟਾ ਹੈਕ ਕੀਤਾ ਅਤੇ ਚੋਰੀ ਕੀਤਾ। ਵਾਈਡਨ, ਹੈਰੀਗਨ ਅਤੇ ਵ੍ਹਾਈਟਹਾਊਸ ਨੇ ਲੂਟਨਿਕ ਨੂੰ ਲਿਖਿਆ, "ਕਈ ਭਾਰਤ-ਅਧਾਰਤ ਸਾਈਬਰ-ਭਾੜੇ ਦੇ ਸਮੂਹਾਂ ਨੇ ਅਮਰੀਕੀ ਨਾਗਰਿਕਾਂ, ਕਾਰੋਬਾਰਾਂ ਅਤੇ ਉਨ੍ਹਾਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਵਿਰੁੱਧ ਨਿਸ਼ਾਨਾਬੱਧ ਜਾਸੂਸੀ ਕਰਨ ਵਿੱਚ 15 ਸਾਲਾਂ ਤੋਂ ਵੱਧ ਸਮਾਂ ਬਿਤਾਇਆ ਹੈ।"ਸੈਨੇਟਰਾਂ ਨੇ ਕਿਹਾ ਰਾਇਟਰਜ਼ ਅਤੇ ਦ ਸਿਟੀਜ਼ਨ ਲੈਬ ਦੁਆਰਾ ਕੀਤੀ ਗਈ ਜਾਂਚ ਦੇ ਅਨੁਸਾਰ, ਇਨ੍ਹਾਂ ਕੰਪਨੀਆਂ ਨੇ ਚੱਲ ਰਹੇ ਮੁਕੱਦਮੇਬਾਜ਼ੀ ਵਿੱਚ ਹੇਰਾਫੇਰੀ ਕਰਨ ਲਈ ਪ੍ਰਮੁੱਖ ਅਮਰੀਕੀ ਕਾਨੂੰਨ ਫਰਮਾਂ ਵਿੱਚ ਪ੍ਰਾਈਵੇਟ ਇਕੁਇਟੀ ਫਰਮਾਂ, ਫਾਰਮਾਸਿਊਟੀਕਲ ਕੰਪਨੀਆਂ ਅਤੇ 1,000 ਤੋਂ ਵੱਧ ਵਕੀਲਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵਿਆਪਕ ਹੈਕਿੰਗ ਮੁਹਿੰਮਾਂ ਚਲਾਈਆਂ।

## ਪੰਜਾਬੀ ਕਲਚਰਲ ਸੁਸਾਇਟੀ ਸਿਆਟਲ (ਰਜਿ.) ਵੱਲੋਂ ਕਰਵਾਇਆ ਗਦਰੀ ਬਾਬਿਆਂ ਨੂੰ ਸਮਰਪਿਤ 'ਪੰਜਾਬੀ ਮੇਲਾ' ਸਫਲਤਾ ਭਰਪੂਰ ਨੇਪਰੇ ਚੜ੍ਹਿਆ



(ਪੂਰੀ ਰਿਪੋਰਟ ਸਫ਼ਾ ਈ-38/ਈ-39 ਤੇ ਪੜ੍ਹੋ)


Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

BARRETT FINANCIAL GROUP
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੌਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
BARRETT FINANCIALGROUP NMLS #18110
Cell:206-391-2630
Email:hgrover@barrettfinancial.com
Web:www.barrettfinancial.com/hgrover
2701 East Insight Way, Suite 150, Chandler, AZ 85286
Harmandeep Grover

ਸਿਆਟਲ ਨਿਵਾਸੀਆਂ ਦਾ ਜਾਣਿਆ ਪਹਿਚਾਣਿਆ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide:
-Immigration/Political Asylum U-Visa, Vawa
-SIJ Guardianship Cases
- Personal Injury/Car Accidents
- Evictions
ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜਾ, ਵਾਅਵਾ
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇੰਨਜਰੀ
-ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033
JASMEEN KAUR

John L. Scott REAL ESTATE
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

JK Tire Wholesaler
CASCADE Truck & RV Wash
Located next to Love Travel Center, 1-90 Exit 106, 1608 HWY 97 Ellensburg.WA
ਜਸਬੀਰ ਸਿੰਘ ਰੀਹਲ 206-235-2168
Ph: 509.925.9273
50 ਟਰੇਲਰ ਟਾਇਰਾਂ ਦੀ ਡੀਲ $230/ਟਾਇਰ
ਕੁਲਬੀਰ ਸਿੰਘ ਰੀਹਲ 206-245-0114

ਖ਼ੁਸ਼ਖਬਰੀ! ਖ਼ੁਸ਼ਖਬਰੀ! ਖ਼ੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert
Cell: 206-766-0551
KELLER WILLIAMS REALTY

Ozone Roofing LLC
Seattle, Tacoma & Everett ਵਿਚ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੀ ਰੂਫਿੰਗ ਦਾ ਕੰਮ ਤਸੱਲੀਬਖਸ਼ ਕਰਦੇ ਹਾਂ
Free Estimate
For Best Quotes Contact:
JD Singh 1-253-350-0341
Licensed, Bonded & Insured

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax — ਬਿਜਨਸ ਅਤੇ ਪਰਸਨਲ ਟੈਕਸ, ਹੈਲਥ ਪਲੈਨ,
•Indian Visa & OCI Applications — ਇੰਮੀਗਰੇਸ਼ਨ ਫਾਰਮ ਭਰਨ ਵਿਚ ਮੱਦਦ,
•Health Plans — ਇੰਡੀਅਨ ਵੀਜਾ & ਓਸੀਆਈ ਵਿਚ ਮੱਦਦ
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

BALBIR SINGH NIJJAR
Senior Loan Originator
Wize Mortgage
ਮੋਰਗੇਜ਼ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residential & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center


Reshmi's Group
ETHNIC FOOD DISTRIBUTOR
ਵਾਹ-ਵਾਹ ਚਾਂਦੀ ਬਾਬਾ!
Chandi Baba
PREMIUM AGED
BASMATI RICE
EXTRA LONG GRAIN
TRUSTED BRAND
Naturally Seasoned
Real Aroma
Traditional Taste
NET WT : 10 LBS (4.54 KG)
PRODUCT OF INDIA
BEST CHOICE
BEST CHOICE
BEST CHOICE
Extra Long Grain
Naturally Aromatic
Non-GMO & Gluten-Free
Perfect for Biryani & Pulav
AVAILABLE IN 2 SIZES
10LBS & 20LBS
BUY NOW
For Wholesale Order at :
1120 Andover Park E,Tukwila, WA 98188,
T: (206) 575-0050,E: sales@reshmisgroup.com.



DIAMONDS!

Diamond Necklace
Wedding Sets
and
Wedding Rings

50% off

Come see our collection

ਡਾਇਮੰਡਜ !

ਅਸੀਂ ਹਣ ਡਾਇਮੰਡ ਨੈਕਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

50% off

ਆ ਕੇ ਕੁਲੈਕਸ਼ਨ ਦੇਖੋ

Season Special!

Visit our store for special pricing when buying
50 grams or more of 22k Gold Jewelry!

ਸੀਜਨ ਸਪੈਸ਼ਲ !

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

CASH FOR GOLD

ਸੋਨੇ ਬਦਲੇ ਡਾਲਰ ਲਓ

ਸਾਡੀਆਂ ਕੀਮਤਾਂ ਬਹੁਤ ਘੱਟ ਹਨ

TAJ JEWELERS

TRADE YOUR OLD GOLD FOR NEW JEWELRY

ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਓ

UNIQUELY DESIGNED 22KT GOLD JEWELRY

WE SELL FOR LESS

ਤਾਜ਼ ਜਿਊਲਰਜ਼

22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ

Ph:253-981-3071

10120 SE 260th St. Suite 110, Kent, WA 98030

Open: 7 Days Tuesday to Sunday 11am to 7pm, Mon 11am to 6pm

ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ

ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

## ਮੋਹਨ ਭਾਗਵਤ ਦੇ ਇੰਗਲੈਂਡ ਦੇ ਗੁਰਦਵਾਰੇ ਵਿੱਚ ਜਾਣ ਵਿਰੁੱਧ ਸਿੱਖ ਜਥੇਬੰਦੀਆਂ ਨੇ ਕੀਤਾ ਰੋਸ

ਲੰਡਨ:ਕੌਮੀ ਸੋਇਮਸੇਵਕ ਸੇਵਕ ਸੰਘ ਦੇ 100 ਸਾਲਾ ਸਥਾਪਨਾ ਵਰ੍ਹੇ ਦੇ ਕੌਮਾਂਤਰੀ ਪ੍ਰਚਾਰ ਦੌਰੇ ਦੌਰਾਨ ਲੰਡਨ ਦੇ ਇਤਿਹਾਸਕ 'ਖਾਲਸਾ ਜਥਾ ਬ੍ਰਿਟਿਸ਼ ਆਈਲਜ਼ ਗੁਰਦੁਆਰਾ' ਵਿਖੇ ਸੰਘ ਮੁਖੀ ਡਾ. ਮੋਹਨ ਭਾਗਵਤ ਦੀ ਫੇਰੀ ਨੂੰ ਲੈ ਕੇ ਜਿੱਥੇ ਵਿਦੇਸ਼ੀ ਸਿੱਖ ਜਥੇਬੰਦੀਆਂ ਵਲੋਂ ਸਖਤ ਵਿਰੋਧ ਕੀਤਾ ਗਿਆ ਤੇ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਿੱਖ ਫੈਡਰੇਸ਼ਨ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਰਗੇ ਵਿਦੇਸ਼ੀ ਸਮੂਹਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਖ਼ਤ ਨਿੰਦਾ ਕੀਤੀ ਸੀ। ਇਸ ਤੋਂ ਇਲਾਵਾ 'ਸਾਊਥ ਏਸ਼ੀਅਨ ਸੋਲੀਡੈਰਿਟੀ ਗਰੁੱਪ' ਵੱਲੋਂ ਲੰਡਨ ਦੇ ਪਾਰਲੀਮੈਂਟ ਸਕੇਅਰ ਵਿਖੇ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਸੀ। ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸਖਤ ਰੋਸ ਕੀਤਾ ਕਿ ਭਾਗਵਤ ਗੁਰਦਵਾਰਿਆਂ ਵਿੱਚ ਜਾ ਕੇ ਪਖੰਡ ਕਰਦਾ ਹੈ ਜਦੋਂ ਕਿ ਇਹ ਸਿੱਖ ਧਰਮ ਦੀ ਹੋਂਦ ਮੁਨਕਰ ਹੈ,ਸਿੱਖ ਧਰਮ ਨੂੰ ਹਿੰਦੂ ਧਰਮ ਦੀ ਸ਼ਾਖਾ ਦੱਸਦਾ ਹੈ। ਅਮਰੀਕਾ ਸਿੱਖ ਗੁਰਦਵਾਰਾ ਕਮੇਟੀ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਹੁਕਮ ਜਾਰੀ ਹੈ ਕਿ ਆਰ ਐਸ ਐਸ ਸਿੱਖ ਵਿਰੋਧੀ ਸੰਸਥਾ ਹੈ ਇਸ ਨੂੰ ਮੂੰਹ ਨਾ ਲਾਇਆ ਜਾਵੇ। ਇਸ ਲਈ ਜਿਥੇ ਭਾਗਵਤ ਗਿਆ ਹੈ ਉਸਦੇ ਪ੍ਰਬੰਧਕਾਂ ਨੂੰ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਜਾਵੇ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਆਨੰਦ ਨੇ ਸਪੱਸ਼ਟ ਕੀਤਾ ਸੀ ਕਿ ਮੋਹਨ ਭਾਗਵਤ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਣ ਲਈ ਇੱਕ ਸ਼ਰਧਾਲੂ ਵਜੋਂ ਆਏ ਸਨ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਐਕਸ 'ਤੇ ਇੱਕ ਪੋਸਟ ਪਾ ਕੇ ਇਸ ਵਿਰੋਧ ਪ੍ਰਦਰਸ਼ਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸਾਹਨੀ ਨੇ ਲਿਖਿਆ, "ਸਾਡੇ ਗੁਰੂਆਂ ਨੇ 'ਸਰਬੱਤ ਦੇ ਭਲੇ' ਦਾ ਸੰਦੇਸ਼ ਦਿੱਤਾ ਹੈ ਅਤੇ ਗੁਰੂ ਦੇ ਦਰਬਾਰ 'ਚ ਸ਼ਰਧਾ ਨਾਲ ਆਉਣ ਵਾਲੇ ਹਰ ਇਨਸਾਨ ਦਾ ਸਵਾਗਤ ਕੀਤਾ ਜਾਂਦਾ ਹੈ।, ਪੀਟਰ ਵਿਰਦੀ ਨੇ ਵੀ ਐਕਸ 'ਤੇ ਲਿਖਿਆ, "ਗੁਰੂ ਦਾ ਦਰ ਸਭ ਲਈ ਖੁੱਲ੍ਹਾ ਹੈ; ਕਿਸੇ ਵੀ ਇੰਸਟਾਗ੍ਰਾਮ ਪੇਜ ਕੋਲ ਇਸ ਨੂੰ ਬੰਦ ਕਰਨ ਦਾ ਅਧਿਕਾਰ ਨਹੀਂ ਹੈ।" ਉਨ੍ਹਾਂ ਅੱਗੇ ਕਿਹਾ ਕਿ ਮੋਹਨ ਭਾਗਵਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਨਿਵਾਉਣ ਆਏ ਸਨ। ਮਹਿਮਾਨਨਵਾਜ਼ੀ ਦਾ ਮਤਲਬ ਕਿਸੇ ਦੀਆਂ ਨੀਤੀਆਂ ਦਾ ਸਮਰਥਨ ਕਰਨਾ ਨਹੀਂ ਹੁੰਦਾ ਅਤੇ ਨਾ ਹੀ ਗੱਲਬਾਤ ਕਰਨ ਦਾ ਮਤਲਬ ਆਤਮ-ਸਮਰਪਣ ਹੈ।

## ਹਿੰਦੂਤਵੀਆਂ ਨੇ ਬਜ਼ੁਰਗ ਮੁਸਲਿਮ ਵਿਅਕਤੀ ਤੋਂ ਨੱਕ ਨਾਲ ਲਕੀਰਾਂ ਕਢਵਾਈਆਂ

ਭੋਪਾਲ: ਮੱਧ ਪ੍ਰਦੇਸ਼ ਦੇ ਗੁਣਾ ਜ਼ਿਲ੍ਹੇ ਵਿੱਚ, ਹਿੰਦੂਤਵੀਆਂ ਨੇ ਇੱਕ ਬਜ਼ੁਰਗ ਮੁਸਲਿਮ ਵਿਅਕਤੀ ਨੂੰ ਗਾਂ ਨੂੰ ਲੱਤ ਮਾਰਨ ਦੇ ਦੋਸ਼ ਵਿੱਚ ਜਨਤਕ ਤੌਰ 'ਤੇ ਬੇਇੱਜ਼ਤ ਕੀਤਾ। ਆਰ ਐਸ ਐਸ ਦੀ ਸਹਿਯੋਗੀ ਜਥੇਬੰਦੀ ਬਜਰੰਗ ਦਲ ਦੇ ਵਰਕਰਾਂ ਨੇ ਮੁਸਲਿਮ ਵਿਅਕਤੀ ਨੂੰ ਗਾਂ ਦੇ ਸਾਹਮਣੇ ਮੁਆਫ਼ੀ ਮੰਗਣ ਲਈ ਮਜਬੂਰ ਕੀਤਾ ਅਤੇ ਉਸਨੂੰ ਬੁਰੀ ਤਰ੍ਹਾਂ ਕੁੱਟਿਆ। ਇਸ ਘਟਨਾ ਦਾ ਇੱਕ ਵੀਡੀਓ ਵੀ ਵਾਇਰਲ ਹੋਇਆ ਹੈ ਜਿਸ ਵਿੱਚ ਬਜ਼ੁਰਗ ਵਿਅਕਤੀ ਨੂੰ ਹਿੰਦੂਤਵੀ ਇਕੱਠ ਵਿੱਚ ਦੇਖਿਆ ਜਾ ਸਕਦਾ ਹੈ ਜੋ ਉਸਨੂੰ ਗਾਂ ਦੇ ਸਾਹਮਣੇ ਜ਼ਮੀਨ 'ਤੇ ਨੱਕ ਰਗੜਨ, ਆਪਣੇ ਪੂਰੇ ਸਰੀਰ ਨਾਲ ਮੱਥਾ ਟੇਕਣ ਅਤੇ ਮੁਆਫ਼ੀ ਵਜੋਂ ਗਾਂ ਦੇ ਪੈਰਾਂ ਨੂੰ ਛੂਹਣ ਲਈ ਮਜਬੂਰ ਕਰ ਰਹੇ ਹਨ।

## ਭਾਰਤ 'ਚ ਸਿਗਰਟ ਦੇ ਧੂੰਏਂ ਕਾਰਨ ਮੌਤਾਂ ਦਾ ਅੰਕੜਾ ਵਧਿਆ



ਨਵੀਂ ਦਿੱਲੀ : ਭਾਰਤ 'ਚ ਸਿਗਰਟ ਦੇ ਧੂੰਏਂ ਕਾਰਨ ਮੌਤਾਂ ਦਾ ਅੰਕੜਾ 1990 ਦੇ ਮੁਕਾਬਲੇ 2023 'ਚ ਕਰੀਬ 50 ਫ਼ੀਸਦੀ ਤੱਕ ਵਧ ਗਿਆ ਹੈ। ਲੈਂਸੇਟ ਪਬਲਿਕ ਹੈਲਥ ਜਰਨਲ 'ਚ ਪ੍ਰਕਾਸ਼ਿਤ ਆਲਮੀ ਅਧਿਐਨ ਮੁਤਾਬਕ ਸਿਗਰਟ ਦੇ ਧੂੰਏਂ ਕਾਰਨ ਮੌਤਾਂ ਦੀ ਦਰ 'ਚ ਕਰੀਬ 30 ਫ਼ੀਸਦੀ ਦਾ ਸੁਧਾਰ ਹੋਇਆ ਹੈ । ਅੰਦਾਜ਼ੇ ਇਹ ਵੀ ਦੱਸਦੇ ਹਨ ਕਿ ਭਾਰਤ 'ਚ ਸੈਕਿੰਡ ਹੈਂਡ ਸਮੋਕ (ਦੂਜੇ ਸਿਗਰਟਨੋਸ਼ਾਂ ਵੱਲੋਂ ਛੱਡਿਆ ਗਿਆ ਧੂੰਆਂ ਸਾਹ ਰਾਹੀਂ ਅੰਦਰ ਖਿੱਚਣਾ, ਜਿਸ ਨੂੰ ਪੈਸਿਵ ਸਮੋਕਿੰਗ ਵੀ ਕਿਹਾ ਜਾਂਦਾ ਹੈ) ਦੇ ਸੰਪਰਕ 'ਚ ਆਉਣ ਵਾਲੀ ਆਬਾਦੀ 1990 ਵਿੱਚ 37.5 ਕਰੋੜ ਤੋਂ ਵਧ ਕੇ 2026 ਵਿੱਚ 44.4 ਕਰੋੜ ਹੋ ਗਈ ਹੈ ਜੋ 18.4 ਫ਼ੀਸਦੀ ਦਾ ਵਾਧਾ ਹੈ।

## ਡਾਲਰ ਮੁਕਾਬਲੇ ਰੁਪਿਆ 95.46 ਤੇ ਪਹੁੰਚਿਆ

ਮੁੰਬਈ: ਅੰਤਰਬੈਂਕ ਵਿਦੇਸ਼ੀ ਮੁਦਰਾ ਵਟਾਂਦਰਾ ਬਾਜ਼ਾਰ ਵਿੱਚ ਰੁਪਇਆ 38 ਪੈਸੇ ਡਿੱਗ ਕੇ ਅਮਰੀਕੀ ਡਾਲਰ ਦੇ ਮੁਕਾਬਲੇ 95.46 ਤੇ ਚਲਿਆ ਗਿਆ। ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ ਦਰਮਿਆਨ ਦੇਸ਼ ਦੇ ਆਯਾਤ ਖਰਚੇ ਨੂੰ ਲੈ ਕੇ ਵਧਦੀ ਚਿੰਤਾ ਕਾਰਨ ਰੁਪਏ 'ਤੇ ਦਬਾਅ ਰਿਹਾ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਕਿਹਾ ਕਿ ਰੁਪਏ 'ਤੇ ਇਸ ਸਮੇਂ ਉਲਟ ਦਬਾਅ ਹੈ। ਅੰਤਰਬੈਂਕ ਵਿਦੇਸ਼ੀ ਮੁਦਰਾ ਵਟਾਂਦਰਾ ਬਾਜ਼ਾਰ ਵਿੱਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਇਆ 95.15 'ਤੇ ਖੁੱਲ੍ਹਿਆ। ਬਾਅਦ ਵਿੱਚ ਇਹ ਕਮਜ਼ੋਰ ਹੋ ਕੇ 95.46 (ਅਸਥਾਈ) ਪ੍ਰਤੀ ਡਾਲਰ 'ਤੇ ਰਿਹਾ, ਜੋ ਪਿਛਲੇ ਬੰਦ ਭਾਅ ਦੇ ਮੁਕਾਬਲੇ 38 ਪੈਸੇ ਦੀ ਗਿਰਾਵਟ ਹੈ।


TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

*DENTAL LAB ON PREMISES*

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860





Complete DENTAL CARE

ਹਰ ਤਰ੍ਹਾਂ ਦੇ ਦੰਦਾਂ ਦੀ ਸੰਭਾਲ ਲਈ ਅੱਜ ਹੀ ਸੰਪਰਕ ਕਰੋ!

Comprehensive Care, Close to Home

- Full mouth Implants
- Same-Day Crowns
- Pediatric Dentistry
- Wisdom teeth extractions
- Root Canals
- Restorative Dentistry
- Veneers
- Dentures

OUR DENTISTS
Dr. Manpreet Dhaliwal and Associates

7 Locations to Serve You

SUMNER 425-226-5940
MAPLE VALLEY 425-413-8505
COVINGTON 253-243-6576
AUBURN 253-833-2290
RENTON 425-226-5940
FEDERAL WAY 253-838-2018
KENT 253-854-2714

SAME-DAY EMERGENCY APPOINTMENTS AVAILABLE

Kent office — Suite #1, 10725 SE 256th St, Kent, WA 98030

# ਟਰੰਪ ਸਰਕਾਰ ਦਾ ਪੰਜਾਬੀਆਂ ਵਿਰੋਧੀ ਨਸਲੀ ਪੋਸਟਰ
# 'ਸਾਡੀਆਂ ਸੜਕਾਂ ਤੋਂ ਹਟ ਜਾਓ, ਤੁਹਾਨੂੰ ਡਰਾਈਵਿੰਗ ਨਹੀਂ ਆਉਂਦੀ ਮਿਸਟਰ ਸਿੰਘ'

ਵਾਸ਼ਿੰਗਟਨ:- ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ਵੱਲੋਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੇ ਗਏ ਇੱਕ ਪੋਸਟਰ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਦੀ 'ਸੈਲਫ- ਡੀਪੋਰਟੇਸ਼ਨ' (ਖੁਦ ਦੇਸ਼ ਛੱਡਣ) ਦੀ ਮੁਹਿੰਮ ਨੂੰ ਉਤਸ਼ਾਹਤ ਕਰਨ ਲਈ ਬਣਾਏ ਗਏ ਇਸ ਪੋਸਟਰ 'ਤੇ ਸਿੱਖ ਜਥੇਬੰਦੀਆਂ ਅਤੇ ਪੰਜਾਬੀਆਂ ਨੇ ਨਸਲਵਾਦੀ ਤੇ ਭਾਰਤ-ਵਿਰੋਧੀ ਸੁਨੇਹਾ ਦੇਣ ਦੇ ਗੰਭੀਰ ਦੋਸ਼ ਲਗਾਏ ਹਨ। ਇਹ ਪੋਸਟਰ ਟਰੰਪ ਸਰਕਾਰ ਵੱਲੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਚਲਾਈ ਜਾ ਰਹੀ ਸਖਤ ਮੁਹਿੰਮ ਦੌਰਾਨ ਜਾਰੀ ਕੀਤਾ ਗਿਆ ਹੈ।




ਪੋਸਟਰ ਵਿੱਚ 'ਟਰਾਂਸਫਾਰਮਰਜ਼' ਫਿਲਮ ਦੀ ਤਰਜ਼ 'ਤੇ ਇੱਕ ਚਿਤਾਵਨੀ ਲਿਖੀ ਗਈ ਹੈ 'ਸੈੱਲਫ-ਡੀਪੋਰਟ ਜਾਂ ਨਤੀਜੇ ਭੁਗਤੋ' )। ਇਸ ਦੇ ਨਾਲ ਹੀ ਪੋਸਟਰ ਵਿੱਚ ਖਾਸ ਤੌਰ 'ਤੇ ਲਿਖਿਆ ਗਿਆ ਹੈ, 'ਸਾਡੀਆਂ ਸੜਕਾਂ ਤੋਂ ਹਟ ਜਾਓ, ਤੁਹਾਨੂੰ ਡਰਾਈਵਿੰਗ ਨਹੀਂ ਆਉਂਦੀ, ਮਿਸਟਰ ਸਿੰਘ ।

'ਸਿੰਘ' ਸਰਨੇਮ ਦੀ ਇਸ ਵਰਤੋਂ ਨੇ ਭਾਰਤੀ- ਅਮਰੀਕੀ ਅਤੇ ਸਿੱਖ ਜਥੇਬੰਦੀਆਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ, ਜਿਨ੍ਹਾਂ ਦਾ ਕਹਿਣਾ ਹੈ ਕਿ ਇਹ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਉਂਦਾ ਹੈ। ਇਸ ਵਿਵਾਦ ਦਾ ਮੁੱਖ ਕਾਰਨ ਪੋਸਟਰ ਵਿੱਚ ਲਿਖੀ ਲਾਈਨ 'ਤੁਹਾਨੂੰ ਡਰਾਈਵਿੰਗ ਨਹੀਂ ਆਉਂਦੀ' ਨੂੰ ਮੰਨਿਆ ਜਾ ਰਿਹਾ ਹੈ, ਜੋ ਅਮਰੀਕਾ ਵਿੱਚ ਹਾਲ ਹੀ ਵਿੱਚ ਹੋਏ ਕੁਝ ਸੜਕ ਹਾਦਸਿਆਂ ਨਾਲ ਜੋੜੀ ਜਾ ਰਹੀ ਹੈ, ਜਿਨ੍ਹਾਂ ਵਿੱਚ ਬਿਨਾਂ ਦਸਤਾਵੇਜ਼ਾਂ ਵਾਲੇ ਭਾਰਤੀ ਨਾਗਰਿਕਾਂ ਦੇ ਟਰੱਕ ਡਰਾਈਵਰ ਹੋਣ ਦਾ ਦਾਅਵਾ ਕੀਤਾ ਗਿਆ ਸੀ। ਅਮਰੀਕਾ ਵਿੱਚ ਕਮਰਸ਼ੀਅਲ ਟਰੱਕ ਡਰਾਈਵਰਾਂ ਦੀ ਸਖਤ ਜਾਂਚ ਦੇ ਨਾਲ-ਨਾਲ ਟਰੰਪ ਪ੍ਰਸ਼ਾਸਨ ਨੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਅਤੇ ਵਰਕ ਪਰਮਿਟ ਦੇ ਨਿਯਮਾਂ ਨੂੰ ਹੋਰ ਸਖਤ ਕਰ ਦਿੱਤਾ ਹੈ। ਹਾਲਾਂਕਿ, ਆਲੋਚਕਾਂ ਦਾ ਤਰਕ ਹੈ ਕਿ 'ਸਿੰਘ' ਸਰਨੇਮ ਨੂੰ ਡਰਾਈਵਿੰਗ ਦੀਆਂ ਕਥਿਤ ਉਲੰਘਣਾਵਾਂ ਨਾਲ ਜੋੜਨਾ ਸਿੱਧੇ ਤੌਰ 'ਤੇ ਨਸਲੀ ਪ੍ਰੋਫਾਈਲਿੰਗ ਹੈ।

ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਵੀ ਇਸ ਪੋਸਟਰ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ 'ਭਾਰਤ-ਵਿਰੋਧੀ ਪ੍ਰੋਫਾਈਲਿੰਗ' ਕਰਾਰ ਦਿੱਤਾ ਹੈ। ਫਾਊਂਡੇਸ਼ਨ ਨੇ ਐੱਕਸ 'ਤੇ ਲਿਖਿਆ, 'ਸਿੰਘ ਹਿੰਦੂ ਵੀ ਹਨ, ਸਿੱਖ ਵੀ ਹਨ, ਅਮਰੀਕੀ ਵੀ ਹਨ ਅਤੇ ਉਹ ਗੱਡੀਆਂ ਵੀ ਚਲਾਉਂਦੇ ਹਨ।

# ਅਮਰੀਕੀ ਸਰਕਾਰ ਦਾ ਵੱਡਾ ਕਦਮ ਵਿਦੇਸ਼ੀ ਕਾਮਿਆਂ ਲਈ 60 ਦਿਨਾਂ ਦਾ ਗ੍ਰੇਸ ਪੀਰੀਅਡ ਖ਼ਤਮ ਕਰਨ ਦਾ ਪ੍ਰਸਤਾਵ

## ਐੱਚ-1ਬੀ ਅਤੇ ਹੋਰ ਵੀਜ਼ਾ ਧਾਰਕਾਂ ਲਈ ਨਵਾਂ ਸੰਕਟ ਭਾਰਤੀ ਕਰਮਚਾਰੀਆਂ 'ਤੇ ਪਵੇਗਾ ਸਭ ਤੋਂ ਵੱਡਾ ਪ੍ਰਭਾਵ

ਅਮਰੀਕੀ ਸਰਕਾਰ ਨੇ ਉਸ 60 ਦਿਨਾਂ ਦੇ ਗ੍ਰੇਸ ਪੀਰੀਅਡ ਨੂੰ ਖਤਮ ਕਰਨ ਦਾ ਪ੍ਰਸਤਾਵ ਰੱਖਿਆ ਹੈ ਜੋ ਕੁਝ ਵਿਦੇਸ਼ੀ ਕਾਮਿਆਂ ਨੂੰ ਆਪਣੀਆਂ ਨੌਕਰੀਆਂ ਗੁਆਉਣ ਤੋਂ ਬਾਅਦ ਵੀ ਦੇਸ਼ ਵਿੱਚ ਰਹਿਣ ਦੀ ਆਗਿਆ ਦਿੰਦਾ ਹੈ। ਇਹ ਨਵਾਂ ਕਦਮ ਉਨ੍ਹਾਂ ਨੂੰ ਆਪਣੀ ਨੌਕਰੀ ਖਤਮ ਹੋਣ ਤੋਂ ਤੁਰੰਤ ਬਾਅਦ ਅਮਰੀਕਾ ਛੱਡਣ ਲਈ ਮਜਬੂਰ ਕਰ ਸਕਦਾ ਹੈ।ਹੋਮਲੈਂਡ ਸਿਕਿਉਰਿਟੀ ਵਿਭਾਗ (ਡੀ ਐੱਚ ਐੱਸ) ਦਾ ਇਹ ਪ੍ਰਸਤਾਵ ਈ-1 , ਈ-2 , ਈ-3 , ਐੱਚ-1ਬੀ , ਐੱਚ-1ਬੀ1 , ਐੱਲ-1 , ਓ-1 ਅਤੇ ਟੀ ਐੱਨ ਵੀਜ਼ਾ ਸ਼੍ਰੇਣੀਆਂ ਵਿੱਚ ਕਰਮਚਾਰੀਆਂ ਲਈ ਇਸ ਵਿਸ਼ੇਸ਼ ਗ੍ਰੇਸ ਪੀਰੀਅਡ ਨੂੰ ਹਟਾਉਣ ਚਾਹੁੰਦਾ ਹੈ।ਇਸ ਕਦਮ ਦਾ ਭਾਰਤੀਆਂ 'ਤੇ ਸਭ ਤੋਂ ਵੱਧ ਪ੍ਰਭਾਵ ਪੈ ਸਕਦਾ ਹੈ। ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦੇ ਅਨੁਸਾਰ, ਵਿੱਤੀ ਸਾਲ 2024 ਵਿੱਚ ਉੱਚ-ਹੁਨਰਮੰਦ ਕਾਮਿਆਂ ਲਈ ਜਾਰੀ ਕੀਤੇ ਗਏ ਐਚ-1ਬੀ ਵੀਜ਼ਿਆਂ ਵਿੱਚੋਂ 71 ਫੀਸਦੀ ਭਾਰਤੀਆਂ ਨੂੰ ਦਿੱਤੇ ਗਏ ਸਨ।

ਸਾਲ 2016 ਵਿੱਚ ਪੇਸ਼ ਕੀਤਾ ਗਿਆ ਅਤੇ ਜਨਵਰੀ 2017 ਤੋਂ ਲਾਗੂ ਹੋਇਆ ਇਹ ਨਿਯਮ ਯੋਗ ਕਾਮਿਆਂ ਅਤੇ ਕੁਝ ਮਾਮਲਿਆਂ ਵਿੱਚ ਉਨ੍ਹਾਂ 'ਤੇ ਨਿਰਭਰ ਵਿਅਕਤੀਆਂ ਨੂੰ, ਉਨ੍ਹਾਂ ਦੀ ਨੌਕਰੀ ਜਾਣ ਤੋਂ ਬਾਅਦ ਜਾਂ ਉਨ੍ਹਾਂ ਦੇ ਅਧਿਕਾਰਤ ਠਹਿਰਾਅ ਦੀ ਮਿਆਦ ਖ਼ਤਮ ਹੋਣ ਤੱਕ (ਜੋ ਵੀ ਪਹਿਲਾਂ ਹੋਵੇ) 60 ਦਿਨਾਂ ਤੱਕ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਦਿੰਦਾ ਹੈ।ਇਹ ਸਮਾਂ ਕਰਮਚਾਰੀਆਂ ਨੂੰ ਦੂਜੀ ਨੌਕਰੀ ਲੱਭਣ, ਇੱਕ ਨਵੇਂ ਮਾਲਕ ਕੋਲ ਜ਼ਰੂਰੀ ਇਮੀਗ੍ਰੇਸ਼ਨ ਪਟੀਸ਼ਨ ਦਾਇਰ ਕਰਨ, ਜਾਂ ਇੱਕ ਨਵੀਂ ਕਾਨੂੰਨੀ ਸਥਿਤੀ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ।

# ਅਮਰੀਕਾ ਨਾਲ ਮਾੜਾ ਸਮਝੌਤਾ ਕੈਨੇਡਾ ਦੀ ਅਰਥਵਿਵਸਥਾ ਨੂੰ ਤਬਾਹ ਕਰ ਦਿੰਦਾ:ਫੋਰਡ

ਓਨਟਾਰੀਓ: ਓਨਟਾਰੀਓ ਦੇ ਮੁੱਖ ਮੰਤਰੀ ਡੱਗ ਫੋਰਡ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਅਮਰੀਕਾ ਨਾਲ ਕੀਤੇ ਜਾ ਰਹੇ ਮਾੜੇ ਵਪਾਰਕ ਸਮਝੌਤੇ ਤੋਂ ਪਿੱਛੇ ਹਟਣਾ ਬਿਲਕੁਲ ਸਹੀ ਫੈਸਲਾ ਸੀ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਕੈਨੇਡਾ ਦੀ ਅਰਥਵਿਵਸਥਾ ਨੂੰ "ਉੱਪਰ ਤੋਂ ਹੇਠਾਂ ਤੱਕ" ਨੁਕਸਾਨ ਪਹੁੰਚਾ ਸਕਦਾ ਸੀ। ਟੋਰਾਂਟੋ ਖੇਤਰੀ ਵਪਾਰ ਮੰਡਲ ਵਿੱਚ ਭਾਸ਼ਣ ਦਿੰਦਿਆਂ ਫੋਰਡ ਨੇ ਕਿਹਾ ਕਿ ਪ੍ਰਸਤਾਵਿਤ ਸਮਝੌਤੇ ਨਾਲ ਕੈਨੇਡੀਅਨ ਕਾਮਿਆਂ ਨੂੰ ਨੁਕਸਾਨ, ਦੇਸ਼ ਦੀ ਖੁਦਮੁਖਤਿਆਰੀ ਨੂੰ ਝਟਕਾ ਅਤੇ ਹਜ਼ਾਰਾਂ ਕਾਰੋਬਾਰਾਂ ਨੂੰ ਲੰਬੇ ਸਮੇਂ ਲਈ ਨੁਕਸਾਨ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਅਜਿਹੇ ਕਾਰੋਬਾਰ ਕੈਨੇਡਾ ਅਤੇ ਓਨਟਾਰੀਓ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਇਸ ਦੇ ਨਾਲ ਹੀ ਫੋਰਡ ਨੇ ਓਨਟਾਰੀਓ ਵਿੱਚ ਵਪਾਰਕ ਟਕਰਾਅ ਤੋਂ ਪ੍ਰਭਾਵਿਤ ਕਾਰੋਬਾਰਾਂ ਅਤੇ ਕਾਮਿਆਂ ਲਈ ਇੱਕ ਅਰਬ ਡਾਲਰ ਦੇ ਰਾਹਤ ਪ੍ਰੋਗਰਾਮ ਦਾ ਦਾਇਰਾ ਵਧਾਉਣ ਦਾ ਐਲਾਨ ਕੀਤਾ। ਅਮਰੀਕੀ ਵਸਤਾਂ ਉੱਤੇ ਕੈਨੇਡਾ ਵੱਲੋਂ ਲਗਾਈਆਂ 15 ਤੋਂ 50 ਫੀ ਸਦੀ ਤੱਕ ਦੀਆਂ ਜਵਾਬੀ ਦਰਾਂ ਹੁਣ ਲਾਗੂ ਹੋ ਚੁੱਕੀਆਂ ਹਨ। ਇਸ ਦੇ ਜਵਾਬ ਵਿੱਚ ਅਮਰੀਕਾ ਨੇ ਕੈਨੇਡੀਅਨ ਸ਼ਰਾਬ, ਮੋਟਰਸਾਈਕਲਾਂ, ਗੱਦੇ ਅਤੇ ਕੁਝ ਦੁੱਧ ਤੋਂ ਬਣੀਆਂ ਵਸਤਾਂ ਦੀ ਦਰਾਮਦ ਰੋਕਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਫੋਰਡ ਨੇ ਕਾਰਨੀ ਸਰਕਾਰ ਵੱਲੋਂ ਅਮਰੀਕੀ ਦਰਾਂ ਦੇ ਬਰਾਬਰ ਜਵਾਬੀ ਦਰਾਂ ਲਗਾਉਣ ਦੇ ਫੈਸਲੇ ਦਾ ਸਮਰਥਨ ਕੀਤਾ। ਹਾਲਾਂਕਿ ਉਨ੍ਹਾਂ ਚੇਤਾਵਨੀ ਦਿੱਤੀ ਕਿ ਕੈਨੇਡਾ ਨੂੰ ਇਸ ਵਪਾਰਕ ਟਕਰਾਅ ਨਾਲ ਹੋਣ ਵਾਲੇ ਨੁਕਸਾਨ ਨੂੰ ਸਹਿਣ ਲਈ ਤਿਆਰ ਰਹਿਣਾ ਪਵੇਗਾ। ਉਨ੍ਹਾਂ ਕਿਹਾ ਕਿ ਕੈਨੇਡਾ ਨੂੰ ਅੱਗੇ ਵਧਦਿਆਂ ਦੁਨੀਆ ਭਰ ਵਿੱਚ ਭਰੋਸੇਯੋਗ ਵਪਾਰਕ ਸਾਂਝੇਦਾਰਾਂ ਨਾਲ ਨਵੇਂ ਰਿਸ਼ਤੇ ਬਣਾਉਣੇ ਚਾਹੀਦੇ ਹਨ ਅਤੇ ਦੇਸ਼ ਦੇ ਅੰਦਰ ਵੀ ਬਾਜ਼ਾਰ ਖੋਲ੍ਹਣ ਦੀ ਲੋੜ ਹੈ। ਫੋਰਡ ਨੇ ਕਿਹਾ ਕਿ ਸੁਰੱਖਿਆਵਾਦ ਦੀ ਥਾਂ ਖੁੱਲ੍ਹਾ ਵਪਾਰ ਕੈਨੇਡਾ ਦੀ ਆਰਥਿਕ ਤਰੱਕੀ ਲਈ ਵਧੇਰੇ ਲਾਭਦਾਇਕ ਹੋਵੇਗਾ।


ਗੁਰੂ ਨਾਨਕ ਗੁਰਸਿੱਖ ਗੁਰਦੁਆਰਾ

ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St Lynden, WA. 98264 (Bellingham)



13 ਸਤੰਬਰ ਦਿਨ ਐਤਵਾਰ ਸ. ਮਹਿੰਦਰ ਸਿੰਘ ਸੰਘਾ ਪਰਿਵਾਰ ਵੱਲੋਂ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ

13 ਸਤੰਬਰ ਦਿਨ ਐਤਵਾਰ ਸਵੇਰੇ 11.30 ਵਜੇ ਅਨੰਦ ਕਾਰਜ ਦੀ ਰਸਮ ਹੋਵੇਗੀ

ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਕਾਇਰ ਕਹੇ ਜਾਣ ਨਾਲੋਂ ਮੌਤ ਨੂੰ ਤਰਜੀਹ:ਜੱਜ ਦਿਵਾਕਰ



ਮੁਜ਼ੱਫਰਨਗਰ (ਯੂ.ਪੀ.),)-ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਵੀ ਕੁਮਾਰ ਦਿਵਾਕਰ ਨੇ ਦਾਜ ਕਾਰਨ ਹੋਈ ਮੌਤ ਦੇ ਮਾਮਲੇ ਵਿੱਚ ਪਿਛਲੇ ਚਾਰ ਮਹੀਨਿਆਂ ਦੌਰਾਨ 23ਵੀਂ ਮੌਤ ਦੀ ਸਜ਼ਾ ਸੁਣਾਉਂਦੇ ਹੋਏ ਆਪਣੇ ਫੈਸਲੇ ਵਿੱਚ ਕਿਹਾ ਕਿ ਉਹ ਕਾਇਰ ਜੱਜ ਕਹੇ ਜਾਣ ਨਾਲੋਂ ਮੌਤ ਨੂੰ ਤਰਜੀਹ ਦੇਣਗੇ। ਦਾਜ ਦੀਆਂ ਮੰਗਾਂ ਨੂੰ ਲੈ ਕੇ ਆਪਣੀ ਪਤਨੀ ਨੂੰ ਸਾੜਨ ਵਾਲੇ ਇੱਕ ਵਿਅਕਤੀ ਨੂੰ ਮੌਤ ਦੀ ਸਜ਼ਾ ਸੁਣਾਉਂਦੇ ਹੋਏ ਫਾਸਟ-ਟ੍ਰੈਕ ਜੱਜ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਮਾਫੀਆ, ਗੈਂਗਸਟਰਾਂ ਜਾਂ ਅਪਰਾਧੀਆਂ ਦੇ ਦਬਾਅ ਹੇਠ ਆਪਣੀਆਂ ਨਿਆਂਇਕ ਜ਼ਿੰਮੇਵਾਰੀਆਂ ਨਹੀਂ ਨਿਭਾਉਣਗੇ। ਦਿਵਾਕਰ ਨੇ ਕਿਹਾ ਕਿ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਸਿਰਫ਼ ਰੱਬ ਤੋਂ ਡਰਨਾ ਸਿਖਾਇਆ ਹੈ ਅਤੇ ਕਿਸੇ ਹੋਰ ਤੋਂ ਨਹੀਂ ਅਤੇ ਜੇਕਰ ਉਹ ਤਾਕਤਵਰ ਲੋਕਾਂ, ਮਾਫੀਆ, ਗੈਂਗਸਟਰਾਂ ਜਾਂ ਅਪਰਾਧੀਆਂ ਦੇ ਡਰ ਕਾਰਨ ਆਪਣੀਆਂ ਨਿਆਂਇਕ ਜ਼ਿੰਮੇਵਾਰੀਆਂ ਨਿਭਾਉਂਦੇ ਹਨ, ਤਾਂ ਨਿਆਂਪਾਲਿਕਾ ਵਿੱਚ ਲੋਕਾਂ ਦਾ ਭਰੋਸਾ ਖ਼ਤਮ ਹੋ ਜਾਵੇਗਾ।

ਆਪਣੇ ਫੈਸਲੇ ਵਿੱਚ ਦਿਵਾਕਰ ਨੇ ਕਿਹਾ ਕਿ ਉਹ ਕਾਇਰ ਜੱਜ ਵਜੋਂ ਜਾਣੇ ਜਾਣ ਨਾਲੋਂ ਮੌਤ ਨੂੰ ਤਰਜੀਹ ਦੇਣਗੇ ਅਤੇ ਜਦੋਂ ਤੱਕ ਉਹ ਆਪਣੇ ਸਿਧਾਂਤਾਂ ਦੀ ਪਾਲਣਾ ਕਰ ਸਕਦੇ ਹਨ, ਉਦੋਂ ਤੱਕ ਸੇਵਾ ਕਰਦੇ ਰਹਿਣਗੇ।ਜੱਜ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਮਾਫੀਆ ਅਤੇ ਅਪਰਾਧੀਆਂ ਵੱਲੋਂ ਧਮਕੀਆਂ ਮਿਲ ਰਹੀਆਂ ਹਨ ਅਤੇ ਦੋਸ਼ ਲਾਇਆ ਕਿ ਲਗਭਗ 100 ਗੰਭੀਰ ਮਾਮਲੇ ਉਨ੍ਹਾਂ ਦੀ ਅਦਾਲਤ ਤੋਂ ਵਾਪਸ ਲੈ ਲਏ ਗਏ ਹਨ, ਕਥਿਤ ਤੌਰ 'ਤੇ ਮਾਫੀਆ ਅਤੇ ਅਪਰਾਧੀਆਂ ਨੂੰ ਲਾਭ ਪਹੁੰਚਾਉਣ ਲਈ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਟਰੰਪ ਦੀ ਰਿਪਬਲਿਕਨ ਕਨਵੈਨਸ਼ਨ ‘ਚ ਇੰਮੀਗ੍ਰੇਸ਼ਨ ਮੁੱਖ ਮੁੱਦਾ ਬਣਿਆ

## ਟਰੰਪ ਨੇ ਇੰਮੀਗ੍ਰੇਸ਼ਨ ‘ਤੇ ਖੋਲ੍ਹੇ ਪੱਤੇ; ਨਵੰਬਰ ਚੋਣਾਂ ਤੋਂ ਬਾਅਦ ਹੋਰ ਸਖ਼ਤੀ ਦੇ ਸੰਕੇਤ

ਟੈਕਸਾਸ- ਰਿਪਬਲਿਕਨ ਪਾਰਟੀ ਦੀ ਮਿਡਟਰਮ ਕਨਵੈਨਸ਼ਨ ਵਿਚ ਇਮੀਗ੍ਰੇਸ਼ਨ ਅਤੇ ਅਮਰੀਕੀ ਸਰਹੱਦ ਦੀ ਸੁਰੱਖਿਆ ਸਭ ਤੋਂ ਵੱਡੇ ਮੁੱਦਿਆਂ ਵਿਚ ਰਹੇ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਭਾਸ਼ਣ ਵਿਚ ਸਾਫ਼ ਕੀਤਾ ਕਿ ਨਵੰਬਰ ਦੀਆਂ ਚੋਣਾਂ ਵਿਚ ਰਿਪਬਲਿਕਨ ਪਾਰਟੀ ਇਮੀਗ੍ਰੇਸ਼ਨ ਨੂੰ ਇੱਕ ਵੱਡਾ ਚੋਣ ਮੁੱਦਾ ਬਣਾਏਗੀ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੀ ਸਰਹੱਦ ਨੂੰ ਹੋਰ ਮਜ਼ਬੂਤ ਕਰਨਾ ਅਤੇ ਗੈਰਕਾਨੂੰਨੀ ਤਰੀਕੇ ਨਾਲ ਦੇਸ਼ ਵਿਚ ਦਾਖ਼ਲ ਹੋਣ ਵਾਲਿਆਂ ਖ਼ਿਲਾਫ਼ ਕਾਰਵਾਈ ਜਾਰੀ ਰੱਖਣਾ ਉਨ੍ਹਾਂ ਦੀ ਸਰਕਾਰ ਦੀ ਮੁੱਖ ਤਰਜੀਹ ਰਹੇਗੀ।

ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੌਰਾਨ ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਵਾਲੇ ਲੋਕਾਂ ਦੀ ਗਿਣਤੀ ਵਿਚ ਵੱਡੀ ਕਮੀ ਆਈ ਹੈ। ਉਨ੍ਹਾਂ ਨੇ ਕਿਹਾ ਕਿ ਸਰਹੱਦ ਉੱਤੇ ਹੁਣ ਪਹਿਲਾਂ ਨਾਲੋਂ ਕਾਫ਼ੀ ਸਖ਼ਤੀ ਕੀਤੀ ਗਈ ਹੈ। ਹਾਲਾਂਕਿ ਇਹ ਕਹਿਣਾ ਕਿ ਗੈਰਕਾਨੂੰਨੀ ਦਾਖ਼ਲਾ ਪੂਰੀ ਤਰ੍ਹਾਂ ਬੰਦ ਹੋ ਗਿਆ ਹੈ, ਠੀਕ ਨਹੀਂ ਹੋਵੇਗਾ। ਅੰਕੜਿਆਂ ਮੁਤਾਬਕ ਸਰਹੱਦੀ ਗ੍ਰਿਫ਼ਤਾਰੀਆਂ ਅਤੇ ਦਾਖ਼ਲਿਆਂ ਵਿਚ ਕਮੀ ਜ਼ਰੂਰ ਆਈ ਹੈ, ਪਰ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਦੇ ਮਾਮਲੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਏ।ਟਰੰਪ ਨੇ ਕਨਵੈਨਸ਼ਨ ਵਿਚ ਇੱਕ ਨਵਾਂ ਕਾਨੂੰਨ ਲਿਆਉਣ ਦੀ ਗੱਲ ਵੀ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਅਜਿਹਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ, ਜਿਸ ਨਾਲ ਭਵਿੱਖ ਵਿਚ ਕੋਈ ਵੀ ਰਾਸ਼ਟਰਪਤੀ ਅਮਰੀਕੀ ਸਰਹੱਦ ਦੇ ਨਿਯਮ ਬਹੁਤ ਆਸਾਨੀ ਨਾਲ ਢਿੱਲੇ ਨਾ ਕਰ ਸਕੇ। ਟਰੰਪ ਨੇ ਇਸ ਪ੍ਰਸਤਾਵ ਲਈ ”ਨੋ ਇਨਵੇਜ਼ਨ ਆਫ਼ ਆਵਰ ਕੰਟਰੀ ਐਕਟ” ਨਾਮ ਵਰਤਿਆ। ਪਰ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਹਾਲੇ ਸਿਰਫ਼ ਇੱਕ ਪ੍ਰਸਤਾਵ ਹੈ। ਇਹ ਕਾਨੂੰਨ ਨਹੀਂ ਬਣਿਆ। ਇਸ ਨੂੰ ਕਾਨੂੰਨ ਬਣਾਉਣ ਲਈ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਲੋੜੀਂਦੀ ਹੋਵੇਗੀ।ਰਿਪਬਲਿਕਨ ਪਾਰਟੀ ਨੇ ਲੇਕਨ ਰਾਈਲੀ ਐਕਟ ਨੂੰ ਵੀ ਆਪਣੀ ਇਮੀਗ੍ਰੇਸ਼ਨ ਨੀਤੀ ਦੀ ਇੱਕ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ। ਇਸ ਕਾਨੂੰਨ ਹੇਠ ਕੁਝ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕੁਝ ਗੈਰ-ਨਾਗਰਿਕਾਂ ਨੂੰ ਇਮੀਗ੍ਰੇਸ਼ਨ ਹਿਰਾਸਤ ਵਿਚ ਲੈਣ ਦੇ ਨਿਯਮ ਹੋਰ ਸਖ਼ਤ ਕੀਤੇ ਗਏ ਹਨ। ਟਰੰਪ ਪ੍ਰਸ਼ਾਸਨ ਨੇ ਇਹ ਵੀ ਸਾਫ਼ ਕੀਤਾ ਹੈ ਕਿ ਦੇਸ਼ ਅੰਦਰ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਲੋਕਾਂ ਦੀ ਪਛਾਣ, ਗ੍ਰਿਫ਼ਤਾਰੀ ਅਤੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਭੇਜਣ ਦੀ ਕਾਰਵਾਈ ਜਾਰੀ ਰਹੇਗੀ।ਇਸ ਦੇ ਨਾਲ ਹੀ ਸਰਹੱਦੀ ਕੰਧ, ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਵੱਡੀ ਰਕਮ ਵੀ ਦਿੱਤੀ ਗਈ ਹੈ। ਇਸ ਕਾਰਨ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਕਾਰਵਾਈ ਕਈ ਥਾਵਾਂ ਉੱਤੇ ਤੇਜ਼ ਹੋਈ ਹੈ। ਗ੍ਰਿਫ਼ਤਾਰੀਆਂ ਦੀ ਗਿਣਤੀ ਵੀ ਵਧੀ ਹੈ ਅਤੇ ਸਰਕਾਰ ਦਾ ਧਿਆਨ ਖ਼ਾਸ ਤੌਰ ਉੱਤੇ ਗੈਰਕਾਨੂੰਨੀ ਇਮੀਗ੍ਰੇਸ਼ਨ ਅਤੇ ਡਿਪੋਰਟੇਸ਼ਨ ਉੱਤੇ ਬਣਿਆ ਹੋਇਆ ਹੈ।

# ‘ਆਉ ਦੋਵੇਂ ਆਪੋ-ਆਪਣੀਆਂ ਡਿਗਰੀਆਂ ਦਿਖਾਈਏ’, ਅਭਿਜੀਤ ਦੀਪਕੇ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਦਿਤੀ ਚੁਣੌਤੀ

ਨਵੀਂ ਦਿੱਲੀ:ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪਣੀਆਂ-ਅਪਣੀਆਂ ਵਿਦਿਅਕ ਡਿਗਰੀਆਂ ਜਨਤਕ ਕਰਨ ਦੀ ਚੁਣੌਤੀ ਦਿੱਤੀ ਹੈ। ਇਹ ਮਾਮਲਾ ਦੀਪਕੇ ਦੀ ਬੋਸਟਨ ਯੂਨੀਵਰਸਿਟੀ ਵਿਚ ਪੜ੍ਹਾਈ ਨਾਲ ਜੁੜੇ ਦਾਅਵੇ ਨੂੰ ਲੈ ਕੇ ਸੋਸ਼ਲ ਮੀਡੀਆ ’ਤੇ ਚੱਲ ਰਹੀ ਨਵੀਂ ਚਰਚਾ ਤੋਂ ਬਾਅਦ ਮੁੜ ਸੁਰਖੀਆਂ ਵਿਚ ਆਇਆ ਹੈ।ਦੀਪਕੇ ਨੇ ਐਕਸ ’ਤੇ ਪੋਸਟ ਕਰਦਿਆਂ ਕਿਹਾ ਕਿ ਉਹ ਅਪਣੀ ਬੋਸਟਨ ਯੂਨੀਵਰਸਿਟੀ ਦੀ ਡਿਗਰੀ ਦਿਖਾਉਣ ਲਈ ਤਿਆਰ ਹੈ, ਜੇਕਰ ਪ੍ਰਧਾਨ ਮੰਤਰੀ ਮੋਦੀ ਵੀ ਅਪਣੀਆਂ ਵਿਦਿਅਕ ਯੋਗਤਾਵਾਂ ਜਨਤਕ ਕਰਨ। ਉਨ੍ਹਾਂ ਲਿਖਿਆ ਕਿ ਲੋਕ ਉਨ੍ਹਾਂ ਦੀ ਡਿਗਰੀ ਦੇਖਣ ਦੀ ਉਡੀਕ ਕਰਦੇ-ਕਰਦੇ ਥੱਕ ਰਹੇ ਹਨ ਅਤੇ ਤਨਜ਼ ਕਰਦਿਆਂ ਕਿਹਾ ਕਿ ਪਤਾ ਨਹੀਂ ਲੋਕਾਂ ਨੇ 12 ਸਾਲ ਪ੍ਰਧਾਨ ਮੰਤਰੀ ਦੀ ਡਿਗਰੀ ਦੇਖੇ ਬਿਨਾਂ ਕਿਵੇਂ ਕੱਢ ਲਏ।

# 2030 ਦੀ ਅਮਰੀਕੀ ਮਰਦਮਸ਼ੁਮਾਰੀ ‘ਚ ਵੱਡੀ ਤਬਦੀਲੀ ਦੀ ਤਜਵੀਜ਼

## ਸਿੱਖ, ਪੰਜਾਬੀ ਤੇ ਭਾਰਤੀ ਭਾਈਚਾਰੇ ‘ਤੇ ਪੈ ਸਕਦਾ ਵੱਡਾ ਅਸਰ

ਵਾਸ਼ਿੰਗਟਨ- ਟਰੰਪ ਪ੍ਰਸ਼ਾਸਨ ਨੇ 2030 ਦੀ ਅਮਰੀਕੀ ਮਰਦਮਸ਼ੁਮਾਰੀ ਲਈ ਇੱਕ ਵੱਡੀ ਤਬਦੀਲੀ ਦੀ ਤਜਵੀਜ਼ ਪੇਸ਼ ਕੀਤੀ ਹੈ। ਇਸ ਤਜਵੀਜ਼ ਅਧੀਨ ਕਾਂਗਰਸ ਦੀਆਂ ਸੀਟਾਂ ਦੀ ਵੰਡ ਲਈ ਵਰਤੀ ਜਾਣ ਵਾਲੀ ਆਬਾਦੀ ਦੀ ਗਿਣਤੀ ਵਿਚ ਸਿਰਫ਼ ਅਮਰੀਕੀ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਇਸ ਕਾਰਨ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਦੇ ਨਾਲ ਕੁਝ ਆਰਜ਼ੀ ਵੀਜ਼ਾ ਧਾਰਕ, ਵਿਦਿਆਰਥੀ, ਕੰਮਕਾਜੀ ਵੀਜ਼ਿਆਂ ‘ਤੇ ਰਹਿਣ ਵਾਲੇ ਲੋਕ ਅਤੇ ਹੋਰ ਗੈਰ-ਸਥਾਈ ਨਿਵਾਸੀ ਵੀ ਪ੍ਰਭਾਵਿਤ ਹੋ ਸਕਦੇ ਹਨ।ਇਹ ਮਾਮਲਾ ਇਸ ਲਈ ਬਹੁਤ ਵੱਡਾ ਹੈ ਕਿਉਂਕਿ ਅਮਰੀਕਾ ਦੀ ਮਰਦਮਸ਼ੁਮਾਰੀ ਸਿਰਫ਼ ਇਹ ਨਹੀਂ ਦੱਸਦੀ ਕਿ ਦੇਸ਼ ਵਿਚ ਕਿੰਨੇ ਲੋਕ ਰਹਿੰਦੇ ਹਨ। ਇਸ ਦੇ ਅੰਕੜਿਆਂ ਦੇ ਆਧਾਰ ‘ਤੇ ਅਮਰੀਕੀ ਪ੍ਰਤੀਨਿਧੀ ਸਭਾ ਦੀਆਂ ਸੀਟਾਂ ਸੂਬਿਆਂ ਵਿਚ ਵੰਡੀਆਂ ਜਾਂਦੀਆਂ ਹਨ। ਇਸੇ ਗਿਣਤੀ ਦੇ ਆਧਾਰ ‘ਤੇ ਚੋਣ ਹਲਕਿਆਂ ਦੀਆਂ ਹੱਦਾਂ ਬਣਦੀਆਂ ਹਨ ਅਤੇ ਸਿਹਤ, ਸਿੱਖਿਆ, ਸੜਕਾਂ, ਆਵਾਜਾਈ ਅਤੇ ਹੋਰ ਸਰਕਾਰੀ ਸੇਵਾਵਾਂ ਲਈ ਅਰਬਾਂ ਡਾਲਰ ਦੇ ਸੰਘੀ ਫੰਡ ਵੰਡੇ ਜਾਂਦੇ ਹਨ।ਜੇ ਵੱਡੀ ਗਿਣਤੀ ਵਿਚ ਪ੍ਰਵਾਸੀਆਂ ਨੂੰ ਕਾਂਗਰਸੀ ਨੁਮਾਇੰਦਗੀ ਵਾਲੀ ਗਿਣਤੀ ਤੋਂ ਬਾਹਰ ਰੱਖਿਆ ਜਾਂਦਾ ਹੈ, ਤਾਂ ਕੈਲੀਫੋਰਨੀਆ, ਨਿਊਯਾਰਕ, ਟੈਕਸਾਸ ਅਤੇ ਹੋਰ ਵੱਡੀ ਪ੍ਰਵਾਸੀ ਆਬਾਦੀ ਵਾਲੇ ਸੂਬਿਆਂ ਉੱਤੇ ਇਸ ਦਾ ਅਸਰ ਪੈ ਸਕਦਾ ਹੈ। ਕੁਝ ਇਲਾਕਿਆਂ ਵਿਚ ਆਬਾਦੀ ਸਰਕਾਰੀ ਅੰਕੜਿਆਂ ਵਿਚ ਘੱਟ ਦਿਖਾਈ ਦੇ ਸਕਦੀ ਹੈ, ਜਿਸ ਨਾਲ ਭਵਿੱਖ ਵਿਚ ਨੁਮਾਇੰਦਗੀ ਅਤੇ ਫੰਡਿੰਗ ਉੱਤੇ ਵੀ ਅਸਰ ਪੈਣ ਦਾ ਡਰ ਹੈ।

# ਕੈਲੀਫੋਰਨੀਆ ਦੇ ਵੋਟਰ 3 ਨਵੰਬਰ ਨੂੰ 14 ਵੱਡੇ ਪ੍ਰਸਤਾਵਾਂ ‘ਤੇ ਕਰਨਗੇ ਫ਼ੈਸਲਾ

ਵਾਸ਼ਿੰਗਟਨ- ਕੈਲੀਫੋਰਨੀਆ ਵਿਚ 3 ਨਵੰਬਰ 2026 ਨੂੰ ਆਮ ਚੋਣਾਂ ਹੋਣ ਜਾ ਰਹੀਆਂ ਹਨ। ਇਸ ਵਾਰ ਵੋਟਰ ਸਿਰਫ਼ ਉਮੀਦਵਾਰਾਂ ਨੂੰ ਹੀ ਵੋਟ ਨਹੀਂ ਪਾਉਣਗੇ, ਸਗੋਂ 14 ਵੱਖ-ਵੱਖ ਪ੍ਰਸਤਾਵਾਂ ਬਾਰੇ ਵੀ ਆਪਣੀ ਰਾਏ ਦੇਣਗੇ। ਇਹ ਪ੍ਰਸਤਾਵ ਘਰਾਂ, ਟੈਕਸਾਂ, ਸਰਕਾਰੀ ਖ਼ਰਚੇ, ਸਿਹਤ, ਚੋਣ ਪ੍ਰਣਾਲੀ ਅਤੇ ਹੋਰ ਲੋਕਾਂ ਨਾਲ ਸਬੰਧਤ ਮੁੱਦਿਆਂ ਬਾਰੇ ਹਨ।ਇਨ੍ਹਾਂ ਵਿਚੋਂ ਕੁਝ ਪ੍ਰਸਤਾਵ ਘਰ ਖਰੀਦਣ ਅਤੇ ਸਸਤੇ ਮਕਾਨ ਬਣਾਉਣ ਨਾਲ ਜੁੜੇ ਹਨ। ਇੱਕ ਪ੍ਰਸਤਾਵ ਤਹਿਤ ਕਿਫ਼ਾਇਤੀ ਘਰਾਂ ਅਤੇ ਸਾਬਕਾ ਫ਼ੌਜੀਆਂ ਲਈ ਵੱਡੀ ਰਕਮ ਦੇ ਬਾਂਡ ਜਾਰੀ ਕਰਨ ਦੀ ਗੱਲ ਕੀਤੀ ਗਈ ਹੈ। ਇੱਕ ਹੋਰ ਪ੍ਰਸਤਾਵ ਮੱਧ ਵਰਗ ਦੇ ਲੋਕਾਂ ਨੂੰ ਨਵਾਂ ਘਰ ਖਰੀਦਣ ਲਈ ਕਰਜ਼ਾ ਦੇਣ ਵਾਲਾ ਪ੍ਰੋਗਰਾਮ ਬਣਾਉਣ ਨਾਲ ਸਬੰਧਤ ਹੈ।ਕੁਝ ਪ੍ਰਸਤਾਵ ਟੈਕਸਾਂ ਬਾਰੇ ਹਨ। ਇੱਕ ਪ੍ਰਸਤਾਵ ਉੱਚ ਆਮਦਨ ਵਾਲੇ ਲੋਕਾਂ ਉੱਤੇ ਲੱਗੇ ਵਾਧੂ ਟੈਕਸ ਨੂੰ ਜਾਰੀ ਰੱਖਣ ਦੀ ਗੱਲ ਕਰਦਾ ਹੈ। ਇੱਕ ਹੋਰ ਪ੍ਰਸਤਾਵ ਬਹੁਤ ਜ਼ਿਆਦਾ ਦੌਲਤ ਵਾਲੇ ਲੋਕਾਂ ਉੱਤੇ ਇਕ ਵਾਰ ਲਈ ਵਾਧੂ ਟੈਕਸ ਲਗਾਉਣ ਨਾਲ ਸਬੰਧਤ ਹੈ। ਕੁਝ ਪ੍ਰਸਤਾਵ ਇਹ ਵੀ ਤੈਅ ਕਰਨਗੇ ਕਿ ਸਰਕਾਰ ਨਵੇਂ ਟੈਕਸ ਕਿਵੇਂ ਲਗਾ ਸਕਦੀ ਹੈ ਅਤੇ ਉਹ ਪੈਸਾ ਕਿੱਥੇ ਖ਼ਰਚਿਆ ਜਾਵੇ।

ਚੋਣ ਪ੍ਰਣਾਲੀ ਨਾਲ ਜੁੜੇ ਪ੍ਰਸਤਾਵ ਵੀ ਵੋਟਰਾਂ ਦੇ ਸਾਹਮਣੇ ਹੋਣਗੇ। ਇੱਕ ਪ੍ਰਸਤਾਵ ਵੋਟ ਪਾਉਣ ਵੇਲੇ ਪਛਾਣ ਅਤੇ ਨਾਗਰਿਕਤਾ ਦੀ ਜਾਂਚ ਨੂੰ ਹੋਰ ਸਖ਼ਤ ਕਰਨ ਦੀ ਗੱਲ ਕਰਦਾ ਹੈ। ਇੱਕ ਹੋਰ ਪ੍ਰਸਤਾਵ ਚੋਣ ਮੁਹਿੰਮਾਂ ਵਿੱਚ ਸਰਕਾਰੀ ਪੈਸੇ ਦੀ ਵਰਤੋਂ ਨਾਲ ਸਬੰਧਤ ਹੈ।ਸਿਹਤ ਦੇ ਖੇਤਰ ਵਿਚ ਵੀ ਕੁਝ ਪ੍ਰਸਤਾਵ ਹਨ। ਇੱਕ ਪ੍ਰਸਤਾਵ ਮੈਡੀਕਲ ਖੋਜ ਲਈ ਵੱਡੀ ਰਕਮ ਦੇ ਬਾਂਡ ਜਾਰੀ ਕਰਨ ਬਾਰੇ ਹੈ, ਜਦਕਿ ਇੱਕ ਹੋਰ ਪ੍ਰਸਤਾਵ ਕਮਿਊਨਿਟੀ ਸਿਹਤ ਕਲੀਨਿਕਾਂ ਦੇ ਪੈਸੇ ਦੀ ਵਰਤੋਂ ਲਈ ਨਵੇਂ ਨਿਯਮ ਲਿਆ ਸਕਦਾ ਹੈ।ਵੋਟਰਾਂ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਉਹ ਹਰ ਪ੍ਰਸਤਾਵ ਨੂੰ ਸਮਝ ਕੇ ਵੋਟ ਪਾਉਣ। ਡਾਕ ਰਾਹੀਂ ਬੈਲਟ ਅਕਤੂਬਰ ਦੀ ਸ਼ੁਰੂਆਤ ਵਿਚ ਭੇਜੇ ਜਾਣਗੇ ਅਤੇ 3 ਨਵੰਬਰ ਨੂੰ ਚੋਣ ਦਿਵਸ ਹੋਵੇਗਾ। ਉਸ ਦਿਨ ਵੋਟ ਕੇਂਦਰ ਸਵੇਰੇ 7 ਵਜੇ ਤੋਂ ਰਾਤ 8 ਵਜੇ ਤੱਕ ਖੁੱਲ੍ਹੇ ਰਹਿਣਗੇ।ਇਸ ਵਾਰ ਦੀ ਚੋਣ ਵਿਚ ਇਹ 14 ਪ੍ਰਸਤਾਵ ਕੈਲੀਫੋਰਨੀਆ ਦੇ ਲੋਕਾਂ ਦੀ ਜ਼ਿੰਦਗੀ, ਟੈਕਸਾਂ, ਘਰਾਂ ਅਤੇ ਸਰਕਾਰੀ ਸੇਵਾਵਾਂ ਉੱਤੇ ਲੰਬੇ ਸਮੇਂ ਦਾ ਅਸਰ ਪਾ ਸਕਦੇ ਹਨ।


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਕੈਨੇਡਾ ਪੁਲਿਸ ਵੱਲੋਂ ਜ਼ਬਰੀ ਵਸੂਲੀ ‘ਚ ਸ਼ਾਮਲ 15 ਪੰਜਾਬੀਆਂ ਦੀਆਂ ਤਸਵੀਰਾਂ ਜਾਰੀ

ਕੈਲਗਰੀ:ਕੈਨੇਡਾ ਦੀ ਕੈਲਗਰੀ ਪੁਲਿਸ ਨੇ ਦੱਖਣੀ ਏਸ਼ਿਆਈ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਜ਼ਬਰਦਸਤੀ ਵਸੂਲੀ ਤੇ ਫਾਇਰਿੰਗ ਦੀਆਂ ਘਟਨਾਵਾਂ ‘ਚ ਸ਼ਾਮਲ 15 ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਪੁਲਿਸ ਅਨੁਸਾਰ ਇਸ ਮਾਮਲੇ ‘ਚ ਕੁੱਲ 16 ਲੋਕਾਂ ਖ਼ਿਲਾਫ਼ 56 ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ। ਪੁਲਿਸ ਮੁਤਾਬਕ ਨਾਮਜ਼ਦ ਕੀਤੇ ਗਏ ਸਾਰੇ ਮੁਲਜ਼ਮ ਭਾਰਤ ਦੇ ਪੰਜਾਬ ਸੂਬੇ ਨਾਲ ਸਬੰਧਤ ਹਨ। ਇਹ ਸਾਰੇ ਕੈਨੇਡਾ ‘ਚ ਸਟੂਡੈਂਟ ਜਾਂ ਵਰਕ ਵੀਜ਼ੇ ‘ਤੇ ਆਏ ਹੋਏ ਹਨ। ਇਨ੍ਹਾਂ ਵਿਚੋਂ ਕੋਈ ਵੀ ਕੈਨੇਡੀਅਨ ਨਾਗਰਿਕ ਨਹੀਂ ਹੈ।

ਇਨ੍ਹਾਂ 16 ‘ਚੋਂ 15 ਮੁਲਜ਼ਮ ਅਦਾਲਤ ਵੱਲੋਂ ਜ਼ਮਾਨਤ ‘ਤੇ ਰਿਹਾਅ ਕੀਤੇ ਜਾ ਚੁੱਕੇ ਹਨ, ਜਦਕਿ ਸਿਰਫ਼ ਇੱਕ ਹੀ ਫਿਲਹਾਲ ਜੇਲ੍ਹ ‘ਚ ਬੰਦ ਹੈ। ਪੁਲਿਸ ਅਧਿਕਾਰੀਆਂ ਨੇ ਮੁਲਜ਼ਮਾਂ ਦੇ ਜ਼ਮਾਨਤ ‘ਤੇ ਬਾਹਰ ਆਉਣ ‘ਤੇ ਚਿੰਤਾ ਪ੍ਰਗਟਾਈ ਹੈ ਅਤੇ ਆਮ ਲੋਕਾਂ ਤੋਂ ਇਨ੍ਹਾਂ ਦੇ ਸਾਥੀਆਂ ਬਾਰੇ ਜਾਣਕਾਰੀ ਮੰਗੀ ਹੈ।

ਪੁਲਿਸ ਵੱਲੋਂ ਜਾਰੀ ਕੀਤੀਆਂ ਗਈਆਂ ਤਸਵੀਰਾਂ ‘ਚ ਰਵਜੋਤ ਤੂਰ (20), ਜਸਕਰਨ ਸਿੰਘ ਉਰਫ਼ ਜੱਸੀ ਬੁੱਟਰ (21), ਕਰਨਬੀਰ ਸਿੰਘ ਉਰਫ਼ ਕਰਨ ਸਿੰਘ (21), ਅਮਨਦੀਪ ਸਿੰਘ ਉਰਫ਼ ਸ਼ਿਵਾ ਸਿੰਘ (21), ਅਨੁਰਾਗ ਸਿੱਧੂ ਉਰਫ਼ ਅਨੁਰਾਗ ਸਿੰਘ ਸਿੱਧੂ (21), ਈਸ਼ਾਨਦੀਪ ਸਿੰਘ (19), ਅਮਨਦੀਪ ਮੱਲ੍ਹੀ (39), ਸੰਦੀਪ ਸਿੰਘ ਉਰਫ ਹਰਮਨ ਗਿੱਲ (32), ਦਕਸ਼ ਗੌਤਮ (25), ਅਕਾਸ਼ਦੀਪ ਸਿੰਘ (19), ਗਗਨਦੀਪ ਸਿੰਘ ਉਰਫ ਗੱਗੀ ਸਿੰਘ ਅਤੇ ”ਗੁੱਗੀ” (29), ਪਰਦੀਪ ਸਿੰਘ (24), ਤਰਨਵੀਰ ਸਿੰਘ (24) ਗੁਰਕਰਨ ਧਾਲੀਵਾਲ (21) ਦੇ ਨਾਂ ਸ਼ਾਮਲ ਹਨ, ਜਦਕਿ ਇਕ ਹੋਰ ਮੁਲਜ਼ਮ ਜਰਮਨਜੀਤ ਸਿੰਘ (22) ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਹਨ ਅਤੇ ਪੁਲਿਸ ਉਸ ਦੀ ਭਾਲ ਕਰ ਰਹੀ ਹੈ।

ਸਥਾਨਕ ਭਾਈਚਾਰੇ ਨੇ ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ, ਤਾਂ ਜੋ ਲੋਕ ਇਨ੍ਹਾਂ ਬਾਰੇ ਜਾਗਰੂਕ ਰਹਿਣ ਤੇ ਇਨ੍ਹਾਂ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰ ਸਕਣ।

ਜ਼ਿਕਰਯੋਗ ਹੈ ਕਿ ਕੈਲਗਰੀ ‘ਚ ਅਪ੍ਰੈਲ 2025 ਤੋਂ ਹੁਣ ਤੱਕ ਵਸੂਲੀ ਨਾਲ ਜੁੜੀਆਂ 49 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ‘ਚ 19 ਗੋਲੀਬਾਰੀ ਦੇ ਮਾਮਲੇ ਵੀ ਸ਼ਾਮਲ ਹਨ। ਪੁਲਿਸ ਮੁਤਾਬਕ ‘ਆਪਰੇਸ਼ਨ ਓਰੀਅਨ’ ਅਤੇ ‘ਆਪਰੇਸ਼ਨ ਆਊਟੇਜ’ ਤਹਿਤ ਕੀਤੀ ਗਈ ਕਾਰਵਾਈ ਨਾਲ ਹਾਲ ਹੀ ਦੇ ਮਹੀਨਿਆਂ ‘ਚ ਹਿੰਸਕ ਘਟਨਾਵਾਂ ‘ਚ ਕਮੀ ਆਈ ਹੈ।






# ਸਿਆਟਲ ਵਿਖੇ 'ਕੈਲ' ਦਾ ਪਲੇਠਾ ਕਹਾਣੀ ਸੰਗ੍ਰਹਿ 'ਸਗਨਾਂ ਦਾ ਕਾਰਡ' ਲੋਕ ਅਰਪਣ 12 ਸਤੰਬਰ ਨੂੰ




ਸਿਆਟਲ:-ਪੰਜਾਬੀ ਲਿਖਾਰੀ ਸਭਾ ਸਿਆਟਲ ਰਜਿ: ਵਲੋਂ 12 ਸੰਤਬਰ ਦਿਨ ਸ਼ਨਿਚਰਵਾਰ ਨੂੰ 'ਰੰਧਾਵਾ ਫਾਊਂਡੇਸ਼ਨ ' ਦੇ ਹਾਲ ਪਤਾ 410-3 ਐਵਨਿਊ ਸਾਊਥ ਕੈਂਟ ਵਿਖੇ ਸਭਾ ਦੇ ਪ੍ਰਧਾਨ ਨਾਮੀ ਲਿਖਾਰੀ ਤੇ ਗੀਤਕਾਰ ਜਿਹਨਾਂ ਦੀਆਂ ਕਹਾਣੀਆਂ ਕਵਿਤਾਵਾਂ , ਵਿਅੰਗ ਨੂੰ ਲੋਕ ਲਗ-ਭਗ ਚਾਲੀ ਸਾਲਾਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। 'ਸ:ਕਰਨੈਲ ਸਿੰਘ ਕੈਲ' ਦਾ ਪਲੇਠਾ ਕਹਾਣੀ- ਸੰਗ੍ਰਹਿ 'ਸ਼ਗਨਾਂ ਦਾ ਕਾਰਡ'ਲੋਕ-ਅਰਪਣ ਕੀਤਾ ਜਾ ਰਿਹਾ ਹੈ।

ਇਸ ਮੌਕੇ ਸ: ਕੈਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗ੍ਰਾਮ ਵਿਚ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਆਏ ਹੋਏ ਜੰਨਤ ਏ ਜਰਖੜ ਦੇ ਬਾਨੀ, ਉਘੇ ਪੱਤਰਕਾਰ,ਹਾਕੀ ਦੇ ਪ੍ਰਮੋਟਰ ਤੇ ਸਮਾਜ ਸੇਵੀ ਜਗਰੂਪ ਸਿੰਘ ਜਰਖੜ ਮੁੱਖ ਮਹਿਮਾਨ ਤੇ ਬੁਲਾਰੇ ਹੋਣਗੇ ।

ਇਸ ਦੇ ਨਾਲ ਹੀ ਕਵੀ-ਦਰਬਾਰ ਵੀ ਹੋਵੇਗਾ,ਜਿਸ ਵਿਚ ਸਥਾਨਕ ਲਿਖਾਰੀਆਂ ਕਵੀਆਂ ਬੁਲਾਰਿਆਂ ਤੋਂ ਇਲਾਵਾ ਕਈ ਨਵੇਂ ਗਾਇਕ ਚੇਹਰੇ ਵੀ ਸ਼ਾਮਲ ਹੋਣਗੇ।ਪੰਜਾਬ ਦੇ ਮਾਣ ਮੱਤਾ ਗੀਤਕਾਰ ਤੇ ਗਾਇਕ ਬਲਬੀਰ ਸਿੰਘ ਲਹਿਰਾ ਇਸ ਕਵੀ ਦਰਬਾਰ ਵਿਚ ਵਿਲੱਖਣ ਯੋਗਦਾਨ ਪਾਉਣ ਦੇ ਨਾਲ ਨਾਲ ਸਿਫਤੀ ਸਟੇਜ ਦਾ ਮਾਣ ਬਣੇਗਾ।

ਪ੍ਰੋਗਰਾਮ ਦੀ ਸ਼ੁਰੂਆਤ ਠੀਕ 11.00 ਵਜੇ ਹੋਵੇਗੀ। ਇਸ ਸਮੇਂ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਤੇ ਇਹ ਸੇਵਾ ਸਾਡੇ ਸਭ ਦੇ ਅਜੀਜ ਸ: ਬਲਬੀਰ ਸਿੰਘ ਲਹਿਰਾ ਵਲੋਂ ਉਨ੍ਹਾਂ ਦੇ ਘਰ ਪ੍ਰਮਾਤਮਾਂ ਦੀ ਬਖਸ਼ਿਸ਼ ਪੋਤਰੇ ਦੀ ਦਾਤ ਦੀ ਖੁਸ਼ੀ ਵਿੱਚ ਕੀਤੀ ਜਾਵੇਗੀ। ਪ੍ਰੋਗਰਾਮ ਦੇ ਅਖੀਰ ਵਿਚ ਲਹਿਰਾ ਸਾਬ੍ਹ ਵੱਲੋਂ ਸਭ ਦੀ ਪਸੰਦ ਸੁਆਦਲੇ ਪੀਜ਼ੇ ਦਾ ਬੰਦੋਬਸਤ ਕੀਤਾ ਜਾਵੇਗਾ । ਪ੍ਰੋਗਰਾਮ ਵਿੱਚ ਆਪ ਸਭ ਨੂੰ ਖੁੱਲ੍ਹਾ ਸੱਦਾ ਦਿਤਾ ਜਾਂਦਾ ਹੈ ।

# ਚੀਨ ਦੇ ਲੜਾਕੂ ਜਹਾਜ਼ ਭਾਰਤ ਲਈ ਇੱਕ ਵੱਡਾ ਖ਼ਤਰਾ

ਬੀਜਿੰਗ: ਚੀਨ ਦੇ ਅਗਲੀ ਪੀੜ੍ਹੀ ਦੇ ਲੜਾਕੂ ਜਹਾਜ਼ ਪਾਇਲਟ ਦੇ ਬੇਹੋਸ਼ ਹੋਣ 'ਤੇ ਵੀ ਸੁਤੰਤਰ ਤੌਰ 'ਤੇ ਉਡਾਣ ਭਰਨ ਦੇ ਯੋਗ ਹੋਣਗੇ।ਉਹ ਸੈਟੇਲਾਈਟ ਸਿਗਨਲਾਂ ਤੋਂ ਬਿਨਾਂ ਆਪਣਾ ਰਸਤਾ ਲੱਭਣ ਦੇ ਯੋਗ ਹੋਣਗੇ ਅਤੇ ਇੱਕ ਵੱਡੇ ਡਰੋਨ ਬੇੜੇ ਨੂੰ ਵੀ ਕੰਟਰੋਲ ਕਰ ਸਕਣਗੇ।

ਇਹ ਜਾਣਕਾਰੀ ਪਿਛਲੇ ਮਹੀਨੇ ਚੀਨ ਦੇ ਪ੍ਰਮੁੱਖ ਫੌਜੀ ਜਹਾਜ਼ ਡਿਜ਼ਾਈਨ ਸੰਸਥਾ, ਸ਼ੇਨਯਾਂਗ ਏਅਰਕ੍ਰਾਫਟ ਡਿਜ਼ਾਈਨ ਐਂਡ ਰਿਸਰਚ ਇੰਸਟੀਚਿਊਟ ਦੇ ਖੋਜਕਰਤਾਵਾਂ ਦੁਆਰਾ ਪ੍ਰਕਾਸ਼ਿਤ ਇੱਕ ਪੇਪਰ ਵਿੱਚ ਪ੍ਰਦਾਨ ਕੀਤੀ ਗਈ ਸੀ।

ਇਹ ਸੰਸਥਾ ਚੀਨ ਦੇ ਅਗਲੀ ਪੀੜ੍ਹੀ ਦੇ ਲੜਾਕੂ ਜਹਾਜ਼ ਜੇ-50 ਦੇ ਵਿਕਾਸ ਵਿੱਚ ਸ਼ਾਮਲ ਹੈ। ਜੇ-50 ਨੂੰ ਪਹਿਲੀ ਵਾਰ ਦਸੰਬਰ 2024 ਵਿੱਚ ਇੱਕ ਉਡਾਣ ਟੈਸਟ ਦੌਰਾਨ ਦੇਖਿਆ ਗਿਆ ਸੀ।ਭਾਰਤ ਦੇ ਲਈ ਇਹ ਵੱਡਾ ਖਤਰਾ ਦੱਸਿਆ ਜਾ ਰਿਹਾ ਹੈ।

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA
* PASSPORT * TRANSLATION
PHONE : 253-852-1984, 253-852-1985
24 HOUR EMERGENCY SERVICE
206-370-9480
TOLL FREE :
1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

Trusted Name in Real Estate
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com
Windermere
REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com
ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਪੰਜਾਬੀ ਕਲਚਰਲ ਸੁਸਾਇਟੀ ਸਿਆਟਲ (ਰਜਿ.) ਵੱਲੋਂ ਕਰਵਾਇਆ ਗਿਆ ਗਦਰੀ ਬਾਬਿਆਂ ਨੂੰ ਸਮਰਪਿਤ ਪੰਜਾਬ ਮੇਲਾ ਸਫਲਤਾ ਪੂਰਵਕ ਨੇਪਰੇ ਚੜ੍ਹਿਆ












ਪਿਛਲੇ ਦਿਨੀਂ ਪੰਜਾਬੀ ਕਲਚਰਲ ਸੁਸਾਇਟੀ ਵੱਲੋਂ ਅਬਰਨ ਹਾਈ ਸਕੂਲ (ਪਰਫੌਂਨਸ ਆਰਟ ਸੈਂਟਰ) ਵਿਖੇ ਗਦਰੀ ਬਾਬਿ/ਆਂ ਨੂੰ ਸਮਰਪਿਤ ਸਾਲਾਨਾ ਪੰਜਾਬੀ ਮੇਲਾ ਕਰਵਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਸ. ਨਰਿੰਦਰਪਾਲ ਸਿੰਘ ਚਾਹਲ (ਕੈਲੇਫੋਰਨੀਆ) ਤੇ ਪਰਮਿੰਦਰ ਕੌਰ ਸਵੈਚ (ਕਨੇਡਾ) ਨੇ ਸ਼ਿਰਕਤ ਕੀਤੀ। ਗੇਟ ਤੇ ਜੀ ਆਇਆਂ ਕਹਿਣ ਲਈ ਜਨਾਬ ਸ਼ਾਹ ਨਿਵਾਜ, ਨਵੀਨ ਸ਼ਰਮਾ ਜੀ ਅਤੇ ਹਰਦਿਆਲ ਸਿੰਘ ਚੀਮਾ ਨੇ ਆਪਣਾ ਫਰਜ਼ ਬਾਖੂਬੀ ਨਿਭਾਇਆ। ਸਟੇਜ ਪਿੱਛੇ ਲਾਲੀ ਸੰਧੂ, ਪਰਮਿੰਦਰ ਢਿੱਲੋਂ, ਜਸਵੀਰ ਸਹੋਤਾ, ਮਲਕੀਤ ਸਿੰਘ ਸ਼ਾਮਲ ਰਹੇ। ਸਟੇਜ ਦੀ ਡਿਊਟੀ ਨਿਭਾਉਣ ਵਾਲੇ ਸਕੱਤਰ ਸਿੰਘ ਸੰਧੂ ਜੀ ਨੇ ਬਹੁਤ ਹੀ ਸਲੀਕੇ ਨਾਲ ਦਰਸ਼ਕਾਂ ਨੂੰ ਜੀ ਆਇਆਂ ਕਿਹਾ। ਉਪਰੰਤ ਸਟੇਜ ਤੇ ਸਸ਼ੋਭਿਤ ਸਰਿੰਦਿਆਂ ਨੇ ਆਪਣੇ ਸਾਜਾਂ ਦੀ ਦੁਨੀਆਂ ਨਾਲ ਰੌਣਕ ਲਾਈ। ਸ਼ੁਰੂਆਤ ਵਿਚ ਪੰਜਾਬੀ ਗਾਇਕਾਂ ਸਤਨਾਮ ਸਿੰਘ, ਨਰਿੰਦਰ ਨਿੰਦੀ, ਪ੍ਰਸਿੱਧ ਗਾਇਕ ਮਚਲਾ ਜੱਟ ਜੀ, ਪ੍ਰਸਿੱਧ ਗੀਤਕਾਰ ਅਤੇ ਗਾਇਕ ਬਲਬੀਰ ਸਿੰਘ ਲਹਿਰਾ, ਪ੍ਰੀਤਮ ਬਰਾੜ ਸਾਭ (ਸ਼ਗਿਰਦ ਕੁਲਦੀਪ ਮਾਣਕ ਸਾਹਿਬ), ਸੁਰਜੀਤ ਬੈਂਸ ਅਤੇ ਮਰਹੂਮ ਸ਼ਾਇਰ ਤੂੰਬੀ ਦੇ ਬਾਦਸ਼ਾਹ ਲਾਲ ਚੰਦ ਯਮਲਾ ਜੱਟ ਦੀਆਂ ਪੈੜਾਂ ਤੇ ਚਲਦਾ ਪੰਜਾਬੀ ਗਾਇਕ ਪਵਨਜੋਤ (ਕਨੇਡਾ) ਨੇ ਬੜੇ ਉਤਸ਼ਾਹ ਨਾਲ ਹਾਜਰੀ ਭਰੀ ਅਤੇ ਲੋਕਾਂ ਨੂੰ ਕੀਲ ਕੇ ਬਿਠਾਈ ਰੱਖਿਆ। ਉਪਰੰਤ ਬਾਹਰੋਂ ਆਏ ਮੁੱਖ ਮਹਿਮਾਨਾਂ ਨੇ ਗਦਰੀ ਬਾਬਿਆਂ ਦੇ ਜੀਵਨ, ਉਹਨਾਂ ਦੀ ਸੋਚ ਅਤੇ ਮਹਾਨ ਘਾਲਣਾ ਬਾਰੇ ਚਾਨਣਾ ਪਾਇਆ ਜਿਸਦੀ ਦਰਸ਼ਕਾਂ ਵੱਲੋਂ ਸ਼ਲਾਘਾ ਵੀ ਕੀਤੀ ਗਈ। ਹੁਣ ਵਾਰੀ ਆਈ ਅਮੈਰੀਕਨ ਟੇਲੈਂਟ ਸ਼ੋਅ ਵਿਚ ਹਿੱਸਾ ਲੈਣ ਵਾਲੇ ਪ੍ਰਸਿੱਧ ਜਾਦੂਗਰ ਮਿ. ਜ਼ੈਕਰੀ ਦੀ ਜਿਸਨੇ ਆਪਣੀ ਕਲਾ ਨਾਲ ਜਿੱਥੇ ਦਰਸ਼ਕਾਂ ਨੂੰ ਹੈਰਾਨ ਕੀਤਾ ਉਥੇ ਬੱਚਿਆਂ ਨੂੰ ਵੀ ਬਹੁਤ ਹਸਾਇਆ ਜੋ ਸਲਾਹੁਣਯੋਗ ਸੀ। ਪੰਜਾਬੀ ਗਾਇਕ ਅਵਤਾਰ ਬਿੱਲੇ ਨੇ ਗਦਰੀ ਬਾਬਿਆਂ ਦਾ ਗੀਤ ਗਾ ਕੇ ਸ਼ੋਭਾ ਖੱਟੀ। ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ, ਬੁਲਾਰਿਆਂ ਅਤੇ























ਸਹਿਯੋਗੀਆਂ ਦਾ ਸਨਮਾਨ ਕਰ ਕੇ ਖੁਸ਼ੀ ਪ੍ਰਾਪਤ ਕੀਤੀ।ਅਖੀਰ ਵਿਚ ਪੰਜਾਬੀ ਦੇ ਪ੍ਰਸਿੱਧ ਗੀਤਕਾਰ ਅਤੇ ਲੋਕਾਂ ਦੇ ਚਹੇਤੇ ਗੀਤਕਾਰ ਬਲਬੀਰ ਬੋਪਾਰਾਏ ਨੇ ਦਰਸ਼ਕਾਂ ਨੂੰ 6 ਘੰਟੇ ਬੈਠਣ ਲਈ ਮਜਬੂਰ ਕੀਤਾ ਦਰਸ਼ਕਾਂ ਨੇ ਵੀ ਬਹੁਤ ਅਨੰਦ ਮਾਣਿਆ।ਬਾਹਰ ਲੱਗੇ ਸਟਾਲਾਂ ਵਿਚ ਐਮ ਏ ਡੀ ਡੀ, ਡੀ ਐਸ ਐਚ ਐਸ, ਮੈਂਟਲ ਹੈਲਥ ਵਾਲਿਆਂ ਲੋੜਵੰਦਾਂ ਨੂੰ ਸਲਾਹ ਅਤੇ ਸਹਾਇਤਾ ਪ੍ਰਦਾਨ ਕੀਤੀ।ਖਾਣ ਪੀਣ ਦੇ ਸਟਾਲਾਂ ਤੋਂ ਇਲਾਵਾ ਹੱਥਾਂ ਤੇ ਮਹਿੰਦੀ, ਜੈਵਲਰ ਵਾਲਿਆਂ ਨੇ ਮੇਲੇ ਦੀ ਸ਼ੋਭਾ ਵਿਚ ਵਾਧਾ ਕਰਦਿਆਂ ਬੀਬੀਆਂ ਭੈਣਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਰਹੇ।ਲਗਭਗ 2005 ਵਿਚ ਸਥਾਪਤ ਪੰਜਾਬੀ ਕਲਚਰਲ ਸੁਸਾਇਟੀ ਸਿਆਟਲ ਵਾਸ਼ਿੰਗਟਨ ਵਿਖੇ ਰਜਿਸਟਰ ਗੈਰ ਮੁਨਾਫਾ ਸੰਸਥਾ ਹੈ ਜੋ ਪੰਜਾਬੀ ਮੇਲੇ ਦੇ ਨਾਲ ਨਾਲ ਨਵੀਂ ਪੀੜ੍ਹੀ ਨੂੰ ਸੱਭਿਆਚਾਰ, ਵਿਰਾਸਤ ਅਤੇ ਰੀਤੀ ਰਿਵਾਜਾਂ ਨਾਲ ਵੀ ਜੋੜਦੀ, ਭਾਈਚਾਰਕ ਸਾਂਝ ਵਧਾਉਂਦੀ, ਮਾਨਸਿਕ ਸਿਹਤ ਦੇ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਦੀ ਤੇ ਆਤਮ ਹੱਤਿਆ ਵਰਗੀਆਂ ਤ੍ਰਾਸਦੀਆਂ, ਬੱਚਿਆਂ ਬਜ਼ੁਰਗਾਂ ਦੀ ਸਿਹਤ ਸੰਭਾਲ, ਦੇਖ ਭਾਲ ਵਰਗੇ ਮੁੱਦਿਆਂ ਤੇ ਸੈਮੀਨਾਰ ਕਰਵਾਉਣਾ ਆਪਣਾ ਨੈਤਿਕ ਫਰਜ ਸਮਝਦੀ ਹੋਈ ਤਨੋਂ ਮਨੋਂ ਸੇਵਾ ਨਿਭਾ ਰਹੀ ਹੈ।ਅਸੀਂ ਬੀਬੀਆਂ, ਭੈਣਾਂ, ਵੀਰਾਂ, ਬਜ਼ੁਰਗਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ ਜਿਹਨਾਂ ਬਹੁਤ ਗਿਣਤੀ ਵਿਚ ਸਮੇਂ ਸਿਰ ਪਹੁੰਚ ਕੇ ਪੰਜਾਬੀ ਮੇਲੇ ਦੀ ਸ਼ੋਭਾ ਵਧਾਈ।

ਹੋਰ ਕਿਸੇ ਵੀ ਜਾਣਕਾਰੀ ਲਈ ਬੇਝਿਜਕ ਫੋਨ ਕਰ ਸਕਦੇ ਹੋ:206-250-9163

ਅਗਲੇ ਸਾਲ ਹੋਣ ਵਾਲੇ ਮੇਲੇ ਦੀ ਜਾਣਕਾਰੀ ਜਲਦੀ ਹੀ ਸਾਂਝੀ ਕਰਾਂਗੇ।

ਸਾਡੇ ਸਪਾਂਸਰ ਦਇਆਬੀਰ ਸਿੰਘ ਪਿੰਟੂ, ਡਾ ਹਰਚੰਦ ਸਿੰਘ, ਵਿਜੇ ਜਿਊਲਰਜ, ਅਮਰੀਕ ਸਿੰਘ ਰੰਧਾਵਾ, ਮਨਮੋਹਨ ਸਿੰਘ ਧਾਲੀਵਾਲ, ਖਾਲਿਲ ਖਾਨ, ਅਨਜੁਮ ਖਾਨ, ਹਰਿੰਦਰ ਸਿੰਘ ਬੈਂਸ (ਕਾਲਾ), ਹਰਦੀਪ ਸਿੰਘ ਗਿੱਲ, ਬੜੈਚ ਆਟੋ ਬਾਡੀ, ਅਨਮੋਲ ਸਿੰਘ ਚੀਮਾ, ਮਨਪ੍ਰੀਤ ਸਿੰਘ ਗਿੱਲ ਅਤੇ ਹੋਰ ਸਾਰਿਆਂ ਦਾ ਸਪੈਸ਼ਲ ਧੰਨਵਾਦ ਕੀਤਾ ਜਾਂਦਾ ਹੈ।



# ਸਰਜੀਤ ਸਿੰਘ ਬੋਪਾਰਾਏ ਦੇ ਪਿੰਡ ਖੁਸ਼ੀ ਦਾ ਮਾਹੌਲ

# ਬਠਿੰਡਾ ਸ਼ਹਿਰ ਦਾ ਕੁਆਰਡੀਨੇਟ ਨਿਯੁਕਤ ਹੋਣ ਤੇ ਪਿੰਡ ਵਾਸੀਆਂ ਨੂੰ ਵੱਡਾ ਮਾਣ:ਹਰਭਜਨ ਸਿੰਘ ਦਿਉਲ


ਸੁਰਜੀਤ ਸਿੰਘ ਬੋਪਾਰਾਏ ਦੀ ਤਸਵੀਰ।


ਸ.ਹਰਭਜਨ ਸਿੰਘ ਦਿਉਲ

ਸਿਆਟਲ:- ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ 32 ਵਿਧਾਨ ਸਭਾ ਹਲਕਿਆਂ ਲਈ ਜਾਰੀ ਕੀਤੀ ਸੂਚੀ ਵਿੱਚ ਬਠਿੰਡਾ ਸ਼ਹਿਰੀ ਤੋਂ ਕੋਆਰਡੀਨੇਟਰ ਨਿਯੁਕਤ ਕੀਤੇ ਗਏ ਸਰਜੀਤ ਸਿੰਘ ਬੋਪਾਰਾਏ ਦੇ ਜੱਦੀ ਪਿੰਡ ਬੋਪਾ ਰਾਏ ਕਲਾਂ (ਜਿਲ੍ਹਾ ਲੁਧਿਆਣਾ) ਵਿਖੇ ਖੁਸ਼ੀ ਦਾ ਮਾਹੌਲ ਹੈ।

ਉਹਨਾਂ ਦੇ ਸਮਰਥਕਾਂ ਨੇ ਇਸ ਬਦਲੇ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਤੇ ਹੋਰਨਾਂ ਚ ਆਗੂਆਂ ਦਾ ਧੰਨਵਾਦ ਕੀਤਾ। ਜਿਕਰ ਯੋਗ ਹੈ ਕਿ ਉਹਨਾਂ ਦੇ ਨੇੜਲੇ ਸਾਥੀ ਸਿਆਟਲ ਨਿਵਾਸੀ ਹਰਭਜਨ ਸਿੰਘ ਦਿਉਲ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਸੁਰਜੀਤ ਸਿੰਘ ਬੋਪਾ ਰਾਏ ਨੇ ਆਪਣਾ ਸਿਆਸੀ ਸਫਰ 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਮੌਕੇ ਸ਼ੁਰੂ ਕੀਤਾ ਤੇ ਉਹਨਾਂ ਸਮਿਆਂ ਵਿੱਚ ਉਹ ਅਕਾਲੀ ਦਲ ਵਿੱਚ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮਰਹੂਮ ਪ੍ਰਧਾਨ ਗੁਰਚਰਨ ਟੌਹੜਾ ਦੇ ਕਰੀਬੀਆਂ ਵਿੱਚੋਂ ਇੱਕ ਸਨ। ਉਹਨਾਂ ਨੇ ਸ਼ਿੱਵਾ ਬੇਟ ਤੋਂ ਸ਼੍ਰੋਮਣੀ ਕਮੇਟੀ ਦੀ ਚੋਣ ਵੀ ਲੜੀ। ਲਿੰਮਾ ਸਮਾਂ ਕਲਕੱਤਾ ਵਿਖੇ ਪੁਸ਼ਤੈਨੀ ਟਰਾਂਸਪੋਰਟ ਦੇ ਧੰਦੇ ਨੂੰ ਬੁਲੰਦੀਆਂ ਤੇ ਪਹੁੰਚਾਇਆ ਤੇ ਬੀਤੇ ਕਈ ਸਾਲਾਂ ਤੋਂ ਉਹ ਬਠਿੰਡਾ ਖੇਤਰ ਵਿੱਚ ਇੱਕ ਨਾਮੀ ਕਾਰੋਬਾਰੀ ਤੇ ਸਿਆਸਤਦਾਨ ਵਜੋਂ ਆਪਣਾ ਨਾਮ ਬਣਾਉਣ ਵਿੱਚ ਸਫਲ ਰਹੇ ਹਨ। ਗੱਲਬਾਤ ਕਰਦਿਆਂ ਸਰਦਾਰ ਹਰਭਜਨ ਸਿੰਘ ਦਿਓਲ ਸਿਆਟਲ ਨੇ ਕਿਹਾ ਕਿ ਸਰਦਾਰ ਸੁਰਜੀਤ ਸਿੰਘ ਬੋਪਾ ਰਾਏ ਪਾਰਟੀ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਨਾਲ ਦੀ ਨਾਲ ਉਹ ਆਪਣੇ ਜੱਦੀ ਪਿੰਡ ਬੋਪਾ ਰਾਏ ਕਲਾਂ (ਜਿਲਾ ਲੁਧਿਆਣਾ) ਦੇ ਨਿਵਾਸੀਆਂ ਸਮਰਥਕਾਂ ਨਾਲ ਵੀ ਪੂਰਾ ਤਾਲ ਮੇਲ ਰੱਖਣਗੇ।

**ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ**
**604-590-5200**






## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

Add: 13106 S. East 240th St., #110, Kent, WA 98031

# ਕੈਨੇਡਾ ’ਚ ਐਮੀ ਵਿਰਕ ਦੀ ਕਾਰ ’ਤੇ ਫਾਇਰਿੰਗ, ਚਾਰ ਸਵਾਰ ਵਾਲ-ਵਾਲ ਬਚੇ

ਵੈਨਕੂਵਰ: ਕੈਨੇਡਾ ਦੇ ਐਬਟਸਫੋਰਡ ਸ਼ਹਿਰ ਵਿੱਚ ਪੰਜਾਬੀ ਗਾਇਕ ਅਤੇ ਅਦਾਕਾਰ ਐਮੀ ਵਿਰਕ ਨਾਲ ਜੁੜੀ ਕਾਰ ’ਤੇ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਘਟਨਾ ਸਮੇਂ ਕਾਰ ਵਿੱਚ ਐਮੀ ਵਿਰਕ ਸਮੇਤ ਚਾਰ ਵਿਅਕਤੀ ਸਵਾਰ ਸਨ। ਹਾਲਾਂਕਿ ਇਸ ਹਮਲੇ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਨਹੀਂ ਹੈ।

ਜਾਣਕਾਰੀ ਮੁਤਾਬਕ ਐਮੀ ਵਿਰਕ ਇੱਕ ਸ਼ੋਅ ਤੋਂ ਬਾਅਦ ਆਪਣੇ ਸਾਥੀਆਂ ਨਾਲ ਕਾਰ ਵਿੱਚ ਜਾ ਰਹੇ ਸਨ। ਇਸੇ ਦੌਰਾਨ ਉਨ੍ਹਾਂ ਦੀ ਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਈ ਗੋਲੀਆਂ ਚਲਾਈਆਂ ਗਈਆਂ। ਕਾਰ ਦੇ ਸ਼ੀਸ਼ੇ ’ਤੇ ਗੋਲੀਆਂ ਦੇ ਨਿਸ਼ਾਨ ਵੀ ਦਿਖਾਈ ਦਿੱਤੇ।ਦੱਸਿਆ ਜਾ ਰਿਹਾ ਹੈ ਕਿ ਕਾਰ ਰੌਲਜ਼-ਰਾਇਸ ਹੋਣ ਕਾਰਨ ਗੋਲੀਆਂ ਇਸ ਦੇ ਅੰਦਰ ਨਹੀਂ ਪਹੁੰਚ ਸਕੀਆਂ, ਜਿਸ ਕਰਕੇ ਕਾਰ ਵਿੱਚ ਮੌਜੂਦ ਸਾਰੇ ਲੋਕ ਸੁਰੱਖਿਅਤ ਰਹੇ।ਪੁਲੀਸ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਗੋਲੀਬਾਰੀ ਕਿਸ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਸੀ ਅਤੇ ਇਸ ਦੇ ਪਿੱਛੇ ਕੀ ਕਾਰਨ ਹੋ ਸਕਦਾ ਹੈ। ਪੁਲੀਸ ਨੇ ਨਿੱਜਤਾ ਦਾ ਹਵਾਲਾ ਦਿੰਦਿਆਂ ਕਾਰ ਵਿੱਚ ਸਵਾਰ ਵਿਅਕਤੀਆਂ ਦੀ ਪਛਾਣ ਬਾਰੇ ਵੇਰਵੇ ਜਾਰੀ ਨਹੀਂ ਕੀਤੇ।ਸੂਤਰਾਂ ਅਨੁਸਾਰ ਐਮੀ ਵਿਰਕ ਦੇ ਇੱਕ ਸਾਥੀ ’ਤੇ ਪਹਿਲਾਂ ਵੀ ਗੋਲੀਬਾਰੀ ਹੋਣ ਦੀ ਘਟਨਾ ਵਾਪਰ ਚੁੱਕੀ ਹੈ, ਹਾਲਾਂਕਿ ਉਸ ਸਮੇਂ ਵੀ ਉਹ ਹਮਲੇ ਵਿੱਚ ਬਚ ਗਿਆ ਸੀ। ਪੁਲੀਸ ਵੱਲੋਂ ਮੌਜੂਦਾ ਘਟਨਾ ਨੂੰ ਇਸ ਪਿਛੋਕੜ ਨਾਲ ਜੋੜ ਕੇ ਵੀ ਜਾਂਚ ਕੀਤੀ ਜਾ ਰਹੀ ਹੈ।

# ਵਿਜੇ ਮਾਲਿਆ ਦਾ ਦਾਅਵਾ:‘ਮੈਂ ਭਗੌੜਾ ਨਹੀਂ, ਯੂਕੇ ਦੇ ਕਾਨੂੰਨਾਂ ਕਰਕੇ ਭਾਰਤ ਆਉਣਾ ਸੰਭਵ ਨਹੀਂ’

ਨਵੀਂ ਦਿੱਲੀ: ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੇ ਇੱਕ ਵਾਰ ਫਿਰ ਆਪਣੇ ਖ਼ਿਲਾਫ਼ ਲੱਗ ਰਹੇ ‘ਭਗੌੜੇ’ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਹ ਜਾਣਬੁੱਝ ਕੇ ਭਾਰਤ ਤੋਂ ਦੂਰ ਨਹੀਂ ਰਹਿ ਰਿਹਾ। ਮਾਲਿਆ ਮੁਤਾਬਕ ਯੂਨਾਈਟਿਡ ਕਿੰਗਡਮ ਦੇ ਕਾਨੂੰਨੀ ਨਿਯਮਾਂ ਕਾਰਨ ਉਹ ਇਸ ਸਮੇਂ ਉੱਥੋਂ ਬਾਹਰ ਨਹੀਂ ਜਾ ਸਕਦਾ।

ਮਾਲਿਆ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਲਗਾਤਾਰ ਪੋਸਟਾਂ ਰਾਹੀਂ ਆਪਣਾ ਪੱਖ ਰੱਖਿਆ। ਉਸ ਨੇ ਦਾਅਵਾ ਕੀਤਾ ਕਿ ਭਾਰਤ ਸਰਕਾਰ ਵੱਲੋਂ ਉਸ ਨਾਲ ਕਾਫ਼ੀ ਅਨਿਆਂ ਕੀਤਾ ਗਿਆ ਹੈ ਅਤੇ ਉਸ ਨੂੰ ਜਿਸ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ, ਉਹ ਸਹੀ ਨਹੀਂ ਹੈ।ਉਸ ਨੇ ਇਹ ਵੀ ਕਿਹਾ ਕਿ ਉਸ ਦੀ ਭਾਰਤ ਵਾਪਸੀ ਸਿਰਫ਼ ਉਸ ਦੀ ਆਪਣੀ ਇੱਛਾ ’ਤੇ ਨਿਰਭਰ ਨਹੀਂ ਕਰਦੀ, ਸਗੋਂ ਯੂਕੇ ਵਿੱਚ ਚੱਲ ਰਹੀਆਂ ਕਾਨੂੰਨੀ ਪਾਬੰਦੀਆਂ ਵੀ ਇਸ ਮਾਮਲੇ ਨੂੰ ਪ੍ਰਭਾਵਿਤ ਕਰਦੀਆਂ ਹਨ।

# ਅਮਰੀਕਾ-ਕੈਨੇਡਾ ਵਪਾਰਕ ਟਕਰਾਅ ਹੋਇਆ ਹੋਰ ਤਿੱਖਾ, ਕੈਨੇਡੀਅਨ ਉਤਪਾਦਾਂ ’ਤੇ ਅਮਰੀਕੀ ਰੋਕ

ਟੋਰਾਂਟੋ: ਅਮਰੀਕਾ ਅਤੇ ਕੈਨੇਡਾ ਵਿਚਾਲੇ ਵਪਾਰਕ ਤਣਾਅ ਹੁਣ ਹੋਰ ਵਧਦਾ ਨਜ਼ਰ ਆ ਰਿਹਾ ਹੈ। ਵਾਸ਼ਿੰਗਟਨ ਨੇ ਕੈਨੇਡਾ ਤੋਂ ਆਉਣ ਵਾਲੇ ਕੁਝ ਉਤਪਾਦਾਂ ’ਤੇ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚ ਡੇਅਰੀ ਉਤਪਾਦ, ਸ਼ਰਾਬ ਅਤੇ ਮੋਟਰਸਾਈਕਲਾਂ ਸਮੇਤ ਹੋਰ ਵਸਤਾਂ ਸ਼ਾਮਲ ਹਨ। ਦੱਸਿਆ ਗਿਆ ਹੈ ਕਿ ਇਹ ਨਵੀਆਂ ਪਾਬੰਦੀਆਂ ਲਗਭਗ ਤਿੰਨ ਹਫ਼ਤਿਆਂ ਬਾਅਦ ਲਾਗੂ ਹੋਣਗੀਆਂ।ਅਮਰੀਕਾ ਦਾ ਇਹ ਕਦਮ ਕੈਨੇਡਾ ਵੱਲੋਂ ਅਮਰੀਕੀ ਸਮਾਨ ’ਤੇ ਕਰੀਬ 20 ਅਰਬ ਡਾਲਰ ਦੇ ਜਵਾਬੀ ਟੈਰਿਫ ਲਾਗੂ ਕਰਨ ਤੋਂ ਬਾਅਦ ਸਾਹਮਣੇ ਆਇਆ ਹੈ। ਇਸ ਨਾਲ ਦੋਵੇਂ ਗੁਆਂਢੀ ਦੇਸ਼ਾਂ ਵਿਚਾਲੇ ਪਹਿਲਾਂ ਤੋਂ ਚੱਲ ਰਿਹਾ ਵਪਾਰਕ ਵਿਵਾਦ ਹੋਰ ਗੰਭੀਰ ਹੋ ਗਿਆ ਹੈ।ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡੀਅਨ ਵਸਤਾਂ ਨੂੰ ਅਮਰੀਕੀ ਸਰਕਾਰ ਦੇ ਵੱਡੇ ਅਤੇ ਲੰਬੇ ਸਮੇਂ ਵਾਲੇ ਠੇਕਿਆਂ ਤੋਂ ਵੀ ਦੂਰ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਇਸ ਸਬੰਧੀ ਉਨ੍ਹਾਂ ਨੇ ਅਮਰੀਕੀ ਜਨਰਲ ਸਰਵਿਸਿਜ਼ ਐਡਮਿਨਿਸਟ੍ਰੇਸ਼ਨ ਨੂੰ ਕਾਰਵਾਈ ਕਰਨ ਲਈ ਕਿਹਾ ਹੈ।ਵ੍ਹਾਈਟ ਹਾਊਸ ਦੇ ਇਸ ਫ਼ੈਸਲੇ ਮੁਤਾਬਕ ਕੈਨੇਡੀਅਨ ਉਤਪਾਦਾਂ ਨੂੰ ਸਰਕਾਰੀ ਠੇਕਿਆਂ ਲਈ ਤਦ ਤੱਕ ਯੋਗ ਨਹੀਂ ਮੰਨਿਆ ਜਾਵੇਗਾ, ਜਦੋਂ ਤੱਕ ਕੈਨੇਡਾ ਅਮਰੀਕੀ ਉਤਪਾਦਾਂ ਲਈ ਬਰਾਬਰ ਅਤੇ ਨਿਰਪੱਖ ਬਾਜ਼ਾਰ ਪਹੁੰਚ ਯਕੀਨੀ ਨਹੀਂ ਬਣਾਉਂਦਾ।ਇਸ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਵੀ ਅਮਰੀਕਾ ’ਤੇ ਦੇਸ਼ ਦੀ ਵਪਾਰਕ ਨਿਰਭਰਤਾ ਘਟਾਉਣ ਦਾ ਸੰਕਲਪ ਜਤਾਇਆ ਗਿਆ ਹੈ। ਮਾਹਿਰਾਂ ਮੁਤਾਬਕ ਦੋਵੇਂ ਦੇਸ਼ਾਂ ਵੱਲੋਂ ਲਗਾਤਾਰ ਚੁੱਕੇ ਜਾ ਰਹੇ ਵਪਾਰਕ ਕਦਮਾਂ ਦਾ ਅਸਰ ਸਰਹੱਦ ਪਾਰ ਕਾਰੋਬਾਰ ਅਤੇ ਖਪਤਕਾਰਾਂ ’ਤੇ ਵੀ ਪੈ ਸਕਦਾ ਹੈ।

J & S CABINET DOORS LTD
phone:604-507-0561 fax:604-507-0562
unit 101-13070-115Ave, Surrey, BC V3R2T9
email:info@jscd.ca web:www.jscd.ca


We have manufactured high-end cabinet doors since 1997. We offer a variety of door styles. For inquiries visit our new factory or reach out at sales@jscd.ca
Ph:604-507-0561





“WE SELL CLEAN TITLE CARS!"
CALL US TODAY!
PH:778-700-5850
www.platinummotorcars.ca
Hours Of Operation:
MON - SAT:10AM - 7 PM SUN:11AM - 6PM





OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ




ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625
Fax: 425-228-4629
Serving Washington for 27 years.
www.pablacuisine.com
pablacuisine@gmail.com

# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties •Birthday Parties •Mehndi Parties • Business Meetings •Any Kind Of Functions
Specials: Take out 7 Days a week
DJ, Dance Floor, Catering for
All Occasions, Big TV Screens & Family Atmosphere
Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559
Email: pablajas@yahoo.com

# PIZZA STATION

15300 33rd Ave S. Suite130, Seatac WA
10% Off All Orders
ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।
Opening Hours: 9 am to 9 pm (7Days Week)
PH:206-644-4010

# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਓ ਅਤੇ ਆਪਣਾ
ਬਿਜ਼ਨਸ ਵਧਾਓ



Call to Advertise 604-590-5200

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Singh Nijjar
MORTGAGE LOAN ORIGINATOR
NMLS#1484258
BARRETT FINANCIAL GROUP
Cell:206-334-4035
Email:NAVTEJ@BARRETTFINANCIAL.COM
Web:BARRETTFINANCIAL.COM/NAVTEJ

AUBURN'S
MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount
Discount only apply to Indian Grocery




FREE PANI-PURI
FRI-SUN (12PM 5PM)
ONLY 4 Pani Puri/CUSTOMER



ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com
*All prices are marked down

Kaurs
Tax And Accounting

Trucking Compliance
- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

Professional Assistance Filling
- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

Tax Services
- Tax Filing & Planning
- Personal & Business
- Notary Public
- Payroll Service

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:



Jaz Kaur Randhawa
Ph:206-472-9602
702 S Hill Park Dr
Suite 202
Puyallup, WA 98373
accounting@kaurs.net
trucking@kaurs.net
Web:www.kaurs.net

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾਂ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

·CONVENTIONAL ·FHA ·VA Loans ·30YR/15YR/10YR FIXED ·DSCR
·P&L ·30 DAY SOFR ARM ·1099 PROGRAM ·7/6 SOFR ARMS
·LOT/CUSTOM CONSTRUCTION LOAN AVAILABLE
·24/12 BANK STATEMENT LOANS



KESSHAV SHARMA
BRANCH MANAGER

ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
WEST CAPITAL LENDING

Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

Ready to grow your business?
Count on us for solutions.



Gifty Singh
Bellevue
400 112th Ave NE
206-909-5226
BANNER BANK
bannerbank.com
Member FDIC

JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516

LANCER TRUCKING LLC
21307-116TH AVE SE, KENT, WA 98031-2206
Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313

Your Neighborhood Store!
GROCERY SINGH
ਤੁਹਾਡਾ ਆਪਣਾ ਨੇਬਰਹੁੱਡ ਸਟੋਰ!
BEST QUALITY GREAT PRICES EXCELLENT SERVICE
ONE STOP FOR ALL YOUR NEEDS!
ਇੱਕ ਹੀ ਛੱਤ ਹੇਠ, ਸਾਰੀਆਂ ਜ਼ਰੂਰਤਾਂ ਪੂਰੀਆਂ!
ਵਧੀਆ ਕੁਆਲਿਟੀ ਵਾਜਬ ਕੀਮਤਾਂ ਬੇਹਤਰੀਨ ਸੇਵਾ
WE BRING YOU THE BEST OF QUALITY, VARIETY & VALUE!
ਅਸੀਂ ਲਿਆਉਂਦੇ ਹਾਂ ਤੁਹਾਡੇ ਲਈ ਉੱਤਮ ਕੁਆਲਿਟੀ, ਵਿਸ਼ਾਲ ਵਰਾਇਟੀ ਤੇ ਵਧੀਆ ਮੁੱਲ!




ਤਾਜ਼ੀਆਂ ਸਬਜ਼ੀਆਂ ਅਤੇ ਫਲ
ਭਾਰਤੀ ਅਤੇ ਇੰਟਰਨੈਸ਼ਨਲ ਸਮਾਨ
ਦਾਲਾਂ, ਮਸਾਲੇ, ਚਾਵਲ, ਆਟਾ, ਤੇਲ, ਸਨੈਕਸ, ਪੇਅ ਅਤੇ ਹੋਰ ਵੀ ਬਹੁਤ ਕੁਝ।
ਮਿਠਾਈਆਂ ਅਤੇ ਸਨੈਕਸ
ਘਰੇਲੂ ਜ਼ਰੂਰਤਾਂ ਦਾ ਸਮਾਨ
ਦਿਲੋਂ ਸਵਾਗਤ, ਪਰਿਵਾਰ ਵਰਗਾ ਪਿਆਰ

FRESH PRODUCE
Wide variety of fresh fruits and vegetables daily.
INDIAN & INTERNATIONAL GROCERIES
Pulses, spices, rice, atta, oils, snacks, beverages & more.
SWEETS & SNACKS
Delicious Indian sweets, snacks and bakery items.
HOUSEHOLD ESSENTIALS
Daily use items for your home and kitchen.
FRIENDLY SERVICE
We treat every customer like family.

Visit Us Today! ਅੱਜ ਹੀ ਪਧਾਰੋ!
GROCERY SINGH
1825 Broadway
Everett, WA 98201
Thank you for supporting our local store!
ਸਾਡਾ ਸਾਥ ਦੇਣ ਲਈ ਤੁਹਾਡਾ ਧੰਨਵਾਦ!
BEST QUALITY EVERYDAY
GREAT PRICES
HAPPY CUSTOMERS
STRONG COMMUNITY
GOOD FOOD • GOOD PRICES • GOOD NEIGHBORS
ਵਧੀਆ ਖਾਣਾ • ਵਧੀਆ ਕੀਮਤਾਂ • ਵਧੀਆ ਪੜੋਸੀ